ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

# ਆਵਾਜ਼ਿ ਕੌਮ

www.awazeqaumtv.com

Also On

Visit on facebook

https://www.facebook.com/awazeqaumtv/videos/194899582124531/

Awaze Qaum

(ਯੂ. ਕੇ. ਤੋਂ ਪ੍ਰਕਾਸ਼ਿਤ)

YouTube https://youtu.be/LQwolgxDu7I

International Daily Newspaper & WEB TV

awazeqaumtvpunjab@gmail.com

ਸੋਮਵਾਰ, 13 ਅਪ੍ਰੈਲ 2026 (ਨਾਨਕਸ਼ਾਹੀ ਸੰਮਤ : ੫੫੮, ੩੧ ਚੇਤ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ.ਕੇ., ਸੰਪਰਕ : +447458381111,+447976210161,+919729091243




## ਅਮਰਨਾਥ ਯਾਤਰਾ 2026 ਦਾ ਐਲਾਨ: 3 ਜੁਲਾਈ ਤੋਂ ਹੋਵੇਗੀ ਸ਼ੁਰੂਆਤ

**ਜੰਮੂ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਬਾਬਾ ਬਰਫ਼ਾਨੀ ਦੇ ਭਗਤਾਂ ਲਈ ਖ਼ੁਸ਼ਖ਼ਬਰੀ ਹੈ। ਸਾਲ 2026 ਦੀ ਪਵਿੱਤਰ ਸ਼੍ਰੀ ਅਮਰਨਾਥ ਜੀ ਯਾਤਰਾ ਦਾ ਰਸਮੀ ਐਲਾਨ ਕਰ ਦਿੱਤਾ ਗਿਆ ਹੈ। ਉਪ ਰਾਜਪਾਲ ਮਨੋਜ ਸਿਨਹਾ ਨੇ ਸ਼੍ਰੀ ਅਮਰਨਾਥ ਸ਼੍ਰਾਈਨ ਬੋਰਡ ਦੀ ਅਹਿਮ ਬੈਠਕ ਤੋਂ ਬਾਅਦ ਦੱਸਿਆ ਕਿ ਇਹ ਯਾਤਰਾ 3 ਜੁਲਾਈ ਤੋਂ ਸ਼ੁਰੂ ਹੋਵੇਗੀ ਅਤੇ 28 ਅਗਸਤ ਨੂੰ ਸੰਪੰਨ ਹੋਵੇਗੀ। ਇਸ ਵਾਰ ਇਹ ਯਾਤਰਾ ਕੁੱਲ 57 ਦਿਨਾਂ ਤੱਕ ਚੱਲੇਗੀ। ਸ਼੍ਰੀ ਅਮਰਨਾਥ ਯਾਤਰਾ ਦੀ ਪਹਿਲੀ ਪੂਜਾ 19 ਜੂਨ ਨੂੰ ਜੇਠ ਪੂਰਨਮਾਸ਼ੀ ਦੇ ਮੌਕੇ ’ਤੇ ਆਯੋਜਿਤ ਕੀਤੀ ਜਾਵੇਗੀ। ਪ੍ਰਸ਼ਾਸਨ ਨੇ ਯਾਤਰਾ ਨੂੰ ਸੁਰੱਖਿਅਤ ਅਤੇ ਸੁਚਾਰੂ ਬਣਾਉਣ ਲਈ ਤਿਆਰੀਆਂ ਨੂੰ ਅੰਤਿਮ ਰੂਪ ਦੇਣਾ ਸ਼ੁਰੂ ਕਰ ਦਿੱਤਾ ਹੈ। ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਯਾਤਰਾ ’ਤੇ ਜਾਣ ਦੇ ਇੱਛੁਕ ਸ਼ਰਧਾਲੂਆਂ ਲਈ ਰਜਿਸਟ੍ਰੇਸ਼ਨ ਕਰਵਾਉਣਾ ਲਾਜ਼ਮੀ ਹੋਵੇਗਾ। ਯਾਤਰਾ ’ਤੇ ਜਾਣ ਵਾਲੇ ਸ਼ਰਧਾਲੂ 15 ਅਪ੍ਰੈਲ ਤੋਂ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ। ਦੇਸ਼ ਭਰ ਦੀਆਂ 556 ਅਧਿਕਾਰਤ ਬੈਂਕ ਸ਼ਾਖਾਵਾਂ ਰਾਹੀਂ ਅਗਾਊਂ ਰਜਿਸਟ੍ਰੇਸ਼ਨ ਕੀਤੀ ਜਾ ਸਕਦੀ ਹੈ। ਇਸ ਤੋਂ ਇਲਾਵਾ ਸ਼ਰਧਾਲੂਆਂ ਲਈ ਆਨਲਾਈਨ ਰਜਿਸਟ੍ਰੇਸ਼ਨ ਦੀ ਸਹੂਲਤ ਵੀ ਉਪਲਬਧ ਹੋਵੇਗੀ। ਬੋਰਡ ਨੇ ਯਾਤਰੀਆਂ ਦੀ ਸੁਰੱਖਿਆ ਨੂੰ ਧਿਆਨ ਵਿੱਚ ਰੱਖਦੇ ਹੋਏ ਕੁਝ ਨਿਯਮ ਤੈਅ ਕੀਤੇ ਹਨ। ਯਾਤਰਾ ਲਈ ਸ਼ਰਧਾਲੂ ਦੀ ਉਮਰ 13 ਤੋਂ 70 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। 6 ਹਫ਼ਤਿਆਂ ਤੋਂ ਵੱਧ ਦੀ ਗਰਭਵਤੀ ਔਰਤਾਂ ਨੂੰ ਯਾਤਰਾ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ, ਭਾਵੇਂ ਉਨ੍ਹਾਂ ਕੋਲ ਸਿਹਤ ਸਰਟੀਫਿਕੇਟ ਹੋਵੇ। ਸ਼ਰਧਾਲੂਆਂ ਲਈ ਕਿਸੇ ਅਧਿਕਾਰਤ ਡਾਕਟਰ ਜਾਂ ਸੰਸਥਾ ਵੱਲੋਂ 8 ਅਪ੍ਰੈਲ, 2026 ਜਾਂ ਉਸ ਤੋਂ ਬਾਅਦ ਜਾਰੀ ਕੀਤਾ ਗਿਆ ਲਾਜ਼ਮੀ ਸਿਹਤ ਸਰਟੀਫਿਕੇਟ ਜਮ੍ਹਾਂ ਕਰਵਾਉਣਾ ਜ਼ਰੂਰੀ ਹੈ।

## ਪਾਕਿਸਤਾਨ ’ਚ ਗੱਲਬਾਤ ਫੇਲ ਹੋਣ ਤੋਂ ਬਾਅਦ ਭੜਕੇ ਟਰੰਪ

# ਈਰਾਨ ਨੂੰ ਫ਼ਿਰ ਦਿੱਤੀ ਵੱਡੀ ਧਮਕੀ

**ਵਾਸ਼ਿੰਗਟਨ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪਾਕਿਸਤਾਨ ਦੇ ਇਸਲਾਮਾਬਾਦ ਵਿੱਚ ਅਮਰੀਕਾ-ਈਰਾਨ ਦੀ ਗੱਲਬਾਤ ਫੇਲ ਹੋਣ ਤੋਂ ਬਾਅਦ ਇਹ ਸਵਾਲ ਰਹੇ ਹਨ ਕਿ ਕੀ ਜੰਗ ਦੁਬਾਰਾ ਸ਼ੁਰੂ ਹੋਣ ਵਾਲੀ ਹੈ। ਇਸ ਦੌਰਾਨ ਡੋਨਾਲਡ ਟਰੰਪ ਦੇ ਇੱਕ ਬਿਆਨ ਨੇ ਜੰਗ ਦੀ ਆਹਟ ਫਿਰ ਤੋਂ ਤੇਜ਼ ਕਰ ਦਿੱਤੀ ਹੈ। ਪਾਕਿਸਤਾਨ ’ਚ ਅਮਰੀਕਾ ਅਤੇ ਈਰਾਨ ਵਿਚਕਾਰ ਗੱਲਬਾਤ ਦੀ ਫੇਲ ਹੋਣ ’ਤੇ ਡੋਨਾਲਡ ਟਰੰਪ ਪੂਰੀ ਤਰ੍ਹਾਂ ਭੜਕ ਗਏ ਹਨ। ਉਨ੍ਹਾਂ ਨੇ ਈਰਾਨ ਨੂੰ ਫਿਰ ਤੋਂ ਪੱਥਰ ਯੁੱਗ ਵਿੱਚ ਵਾਪਸ ਭੇਜਣ ਦੀ ਧਮਕੀ ਦਿੱਤੀ ਹੈ। ਟਰੰਪ ਨੇ ਈਰਾਨ ਨੂੰ ਪੱਥਰ ਯੁੱਗ ਵਿੱਚ ਵਾਪਸ ਭੇਜਣ ਵਾਲਾ ਇੱਕ ਆਰਟੀਕਲ ਵੀ ਸਾਂਝਾ ਕੀਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਰੁਖ਼ ਕਾਫ਼ੀ ਸਖ਼ਤ ਜਾਪਦਾ ਹੈ। ਉਹ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਡੀਲ ਹੋਵੇ ਜਾਂ ਨਾ ਹੋਵੇ, ਇਸ ਨਾਲ ਸਾਨੂੰ ਕੋਈ ਫ਼ਰਕ ਨਹੀਂ ਪੈਂਦਾ। ਅਸੀਂ ਪਹਿਲਾਂ ਹੀ ਜਿੱਤ ਚੁੱਕੇ ਹਾਂ। ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ ਯੂਟਿਊਬ ਸੋਸ਼ਲ ’ਤੇ ਇੱਕ ਨਿਊਜ਼ ਆਰਟੀਕਲ ਸਾਂਝਾ ਕੀਤਾ, ਜਿਸ ਵਿੱਚ ਕਿਹਾ ਗਿਆ ਹੈ ਕਿ ਗੱਲਬਾਤ ਫੇਲ ਹੋਣ ਤੋਂ ਬਾਅਦ ਟਰੰਪ ਕੋਲ ਹੁਣ ਈਰਾਨ ’ਤੇ ਸਮੁੰਦਰੀ ਨਾਕਾਬੰਦੀ ਲਗਾਉਣ ਦਾ ਵਿਕਲਪ ਹੈ। ਹਾਲਾਂਕਿ ਇਹ ਖ਼ਬਰ ਆਰਟੀਕਲ ਗੱਲਬਾਤ



ਦੇ ਨਤੀਜੇ ਆਉਣ ਤੋਂ ਪਹਿਲਾਂ ਦਾ ਹੈ, ਇਸ ਵਿੱਚ ਕਿਹਾ ਗਿਆ ਹੈ ਕਿ ਜੇਕਰ ਈਰਾਨ ਇਸ ਅੰਤਿਮ ਪੇਸ਼ਕਸ਼ ਨੂੰ ਰੱਦ ਕਰਦਾ ਹੈ ਤਾਂ ਟਰੰਪ ਕੋਲ ਕਈ ਵਿਕਲਪ ਹਨ। ਇਸ ਤੋਂ ਇਲਾਵਾ ਟਰੰਪ ਨੇ ਈਰਾਨ ਨੂੰ ਪੱਥਰ ਯੁੱਗ ਵਿੱਚ ਵਾਪਸ ਭੇਜਣ ਦੀ ਧਮਕੀ ਦਿੱਤੀ ਹੈ। ਅਮਰੀਕਾ ਹੁਣ ਵੈਨੇਜ਼ੁਏਲਾ ਵਾਂਗ ਈਰਾਨ ਦੀ ਵੀ ਆਰਥਿਕ ਘੇਰਾਬੰਦੀ ਕਰ ਸਕਦਾ ਹੈ। ਲੈਕਸਿੰਗਟਨ ਇੰਸਟੀਚਿਊਟ ਦੀ ਸੁਰੱਖਿਆ ਮਾਹਰ ਰੇਬੇਕਾ ਗ੍ਰਾਂਟ ਦੇ ਅਨੁਸਾਰ ਹੁਣ ਅਮਰੀਕੀ ਜਲ ਸੈਨਾ ਲਈ ਹੋਰਮੂਜ਼ ਸਟ੍ਰੇਟ ਨੂੰ ਕੰਟਰੋਲ ਕਰਨਾ ਬਹੁਤ ਸੌਖਾ ਹੋ ਜਾਵੇਗਾ। ਉਸਨੇ ਕਿਹਾ ਕਿ ਪਿਛਲੇ 24 ਘੰਟਿਆਂ ਵਿੱਚ ਲਗਭਗ 10 ਜਹਾਜ਼ਾਂ ਨੂੰ ਲੰਘਦੇ ਦੇਖਿਆ ਗਿਆ ਹੈ, ਜਿਨ੍ਹਾਂ ਵਿੱਚ ਇੱਕ ਰੂਸੀ ਟੈਂਕਰ ਵੀ ਸ਼ਾਮਲ ਹੈ। ਉਸਨੇ ਅੱਗੇ ਕਿਹਾ ਕਿ ਜੇਕਰ ਈਰਾਨ ਜ਼ਿੱਦੀ ਰਵੱਈਆ ਜਾਰੀ ਰੱਖਦਾ ਹੈ ਤਾਂ ਅਮਰੀਕੀ ਜਲ ਸੈਨਾ ਨਿਗਰਾਨੀ ਵਧਾਏਗੀ। ਅਜਿਹੀ ਸਥਿਤੀ ਵਿੱਚ ਖਰਗ ਆਈਲੈਂਡ ਜਾਂ ਓਮਾਨ ਦੇ ਨੇੜੇ ਤੰਗ ਰਸਤੇ ਵਿੱਚੋਂ ਲੰਘਣ ਲਈ ਅਮਰੀਕੀ ਜਲ ਸੈਨਾ ਦੀ ਪਰਮੀਸ਼ਨ ਲੈਣੀ ਪਵੇਗੀ।

## ਨਾਰਾਜ਼ ਇਰਾਨ ਨੇ ਹੋਰਮੁਜ਼ ਤੋਂ ਵਾਪਸ ਮੋੜ ’ਤੇ ਪਾਕਿਸਤਾਨੀ ਜਹਾਜ਼

**ਤਹਿਰਾਨ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਮਿਡਲ ਈਸਟ ਦੇ ਸਮੁੰਦਰੀ ਰਸਤਿਆਂ ’ਤੇ ਹਾਲਾਤ ਇੱਕ ਵਾਰ ਫਿਰ ਨਾਜ਼ੁਕ ਹੋ ਗਏ ਹਨ। ਇਸਲਾਮਾਬਾਦ ਵਿੱਚ ਅਮਰੀਕਾ ਅਤੇ ਇਰਾਨ ਵਿਚਾਲੇ ਹੋਈ ਸ਼ਾਂਤੀ ਗੱਲਬਾਤ ਦੇ ਬੇਸਿੱਟਾ ਰਹਿਣ ਤੋਂ ਤੁਰੰਤ ਬਾਅਦ ਇਰਾਨੀ ਫੌਜ ਨੇ ਹੋਰਮੁਜ਼ ’ਤੇ ਸਖ਼ਤੀ ਵਧਾ ਦਿੱਤੀ ਹੈ। ਤਾਜ਼ਾ ਰਿਪੋਰਟਾਂ ਅਨੁਸਾਰ, ਇਰਾਨ ਨੇ ਪਾਕਿਸਤਾਨ ਦੇ ਦੋ ਵੱਡੇ ਤੇਲ ਵਾਲੇ ਜਹਾਜ਼ਾਂ ਨੂੰ ਹੋਰਮੁਜ਼ ਦੀ ਖਾੜੀ ’ਚ ਦਾਖਲ ਹੋਣ ਤੋਂ ਰੋਕ ਦਿੱਤਾ ਹੈ। ਪਾਕਿਸਤਾਨ ਨੈਸ਼ਨਲ ਸ਼ਿਪਿੰਗ ਕਾਰਪੋਰੇਸ਼ਨ ਦੇ ਦੋ ਜਹਾਜ਼, ‘ਸ਼ਾਲੀਮਾਰ’ ਅਤੇ ‘ਖੈਰਪੁਰ’, ਜੋ ਕੱਚਾ ਤੇਲ ਲੈ ਕੇ ਆ ਰਹੇ ਸਨ, ਨੂੰ ਇਰਾਨੀ ਅਧਿਕਾਰੀਆਂ ਨੇ ਹੋਰਮੁਜ਼ ’ਤੇ ਰੋਕ ਲਿਆ ਹੈ। ਇਹ ਦੋਵੇਂ ਜਹਾਜ਼ ਇਰਾਨ ਦੁਆਰਾ ਬਣਾਏ ਗਏ ਨਵੇਂ ‘IRGC



ਸੇਫ਼ ਰੂਟ’ ਰਾਹੀਂ ਲੰਘਣ ਦੀ ਕੋਸ਼ਿਸ਼ ਕਰ ਰਹੇ ਸਨ। ਇਰਾਨੀ ਜਲ ਸੈਨਾ ਨੇ ਇਨ੍ਹਾਂ ਨੂੰ ਅੱਗੇ ਵਧਣ ਦੀ ਇਜਾਜ਼ਤ ਨਹੀਂ ਦਿੱਤੀ, ਜਿਸ ਤੋਂ ਬਾਅਦ ਇਨ੍ਹਾਂ ਜਹਾਜ਼ਾਂ ਨੂੰ ਵਿਚਕਾਰੋਂ ਹੀ ਮੁੜਨਾ ਪਿਆ। ਹਾਲਾਂਕਿ ਇਰਾਨ ਨੇ ਅਜੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ, ਪਰ ਸੂਤਰਾਂ ਅਨੁਸਾਰ ਇਰਾਨ ਨੇ ਨਵੇਂ ‘ਕਲੀਅਰੈਂਸ ਕੋਡ’ ਅਤੇ ‘ਸੁਰੱਖਿਆ ਟੈਕਸ’ ਦੀ ਮੰਗ ਕੀਤੀ ਹੈ। ਦੱਸਿਆ ਜਾ ਰਿਹਾ ਹੈ ਕਿ ਗੱਲਬਾਤ ਅਸਫਲ ਹੋਣ ਤੋਂ ਬਾਅਦ ਇਰਾਨ ਹੁਣ ਇਸ ਰਸਤੇ ਨੂੰ ਪੂਰੀ ਤਰ੍ਹਾਂ ਆਪਣੇ ਕੰਟਰੋਲ ਵਿੱਚ ਰੱਖਣਾ ਚਾਹੁੰਦਾ ਹੈ। ਇਹ ਘਟਨਾ ਪਾਕਿਸਤਾਨ ਲਈ ਇੱਕ ਵੱਡਾ ਝਟਕਾ ਹੈ ਕਿਉਂਕਿ ਪਾਕਿਸਤਾਨ ਨੇ ਉਮੀਦ ਜਤਾਈ ਸੀ ਕਿ ਇਰਾਨ ਨਾਲ ਚੰਗੇ ਸਬੰਧਾਂ ਕਾਰਨ ਉਸ ਦੇ ਜਹਾਜ਼ਾਂ ਨੂੰ ਰਸਤਾ ਮਿਲਦਾ ਰਹੇਗਾ। ਟੈਂਕਰਾਂ ਦੇ ਮੁੜਨ ਕਾਰਨ ਪਾਕਿਸਤਾਨ ਵਿੱਚ ਤੇਲ ਦੀ ਕਿੱਲਤ ਵਧਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਜਹਾਜ਼ਾਂ ਦਾ ਇਸ ਤਰ੍ਹਾਂ ਰੋਕਿਆ ਜਾਣਾ ਇਹ ਸੰਕੇਤ ਦਿੰਦਾ ਹੈ ਕਿ ਇਰਾਨ ਹੁਣ ਹੋਰਮੁਜ਼ ਦੇ ਰਸਤੇ ਨੂੰ ਇੱਕ ‘ਹਥਿਆਰ’ ਵਜੋਂ ਵਰਤ ਰਿਹਾ ਹੈ। ਜੇਕਰ ਪਾਕਿਸਤਾਨ ਵਰਗੇ ਦੋਸਤ ਦੇਸ਼ਾਂ ਦੇ ਜਹਾਜ਼ਾਂ ਨੂੰ ਵੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਤਾਂ ਆਉਣ ਵਾਲੇ ਦਿਨਾਂ ਵਿੱਚ ਗਲੋਬਲ ਵਪਾਰ ਲਈ ਇਹ ਬਹੁਤ ਵੱਡੀ ਚੁਣੌਤੀ ਬਣ ਸਕਦਾ ਹੈ।

## ਗਾਇਕਾ ਆਸ਼ਾ ਭੋਸਲੇ ਦਾ ਹੋਇਆ ਦੇਹਾਂਤ ; 92 ਸਾਲ ਦੀ ਉਮਰ ’ਚ ਗਾਇਕਾ ਨੇ ਲਏ ਆਖਰੀ ਸਾਹ

**ਮੁੰਬਈ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸੰਗੀਤ ਜਗਤ ਨੂੰ ਵੱਡਾ ਝਟਕਾ ਲੱਗਾ ਹੈ।



ਸੈਂਕੜੇ ਫਿਲਮੀ ਗੀਤਾਂ ਨੂੰ ਸ਼ਿੰਗਾਰਨ ਵਾਲੀ ਅਤੇ ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਕਰਨ ਵਾਲੀ 92 ਸਾਲਾ ਗਾਇਕਾ ਆਸ਼ਾ ਭੌਂਸਲੇ ਦਾ ਦੇਹਾਂਤ ਹੋ ਗਿਆ ਹੈ। ਉਨ੍ਹਾਂ ਨੂੰ ਸ਼ਨੀਵਾਰ ਨੂੰ ਦਿਲ ਦਾ ਦੌਰਾ ਪੈਣ ਅਤੇ ਫੇਫੜਿਆਂ ’ਚ ਇਨਫੈਕਸ਼ਨ ਕਾਰਨ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਐਤਵਾਰ ਸਵੇਰ ਤੋਂ ਹੀ ਉਨ੍ਹਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਮਸ਼ਹੂਰ ਗਾਇਕਾ ਆਸ਼ਾ ਭੌਂਸਲੇ ਦੇ ਪੁੱਤਰ ਆਨੰਦ ਭੌਂਸਲੇ ਨੇ ਕਿਹਾ ਕਿ ਮੇਰੀ ਮਾਂ ਦਾ ਅੱਜ ਦੇਹਾਂਤ ਹੋ ਗਿਆ। ਦੱਸ ਦਈਏ ਕਿ ਬਾਲੀਵੁੱਡ ਇੰਡਸਟਰੀ ਆਸ਼ਾ ਭੌਂਸਲੇ ਦੇ ਦੇਹਾਂਤ ਮਗਰੋਂ ਸਦਮੇ ’ਚ ਆ ਗਈ ਹੈ। ਆਸ਼ਾ ਭੌਂਸਲੇ ਨੂੰ ਦਾਦਾ ਸਾਹਿਬ ਫਾਲਕੇ ਪੁਰਸਕਾਰ ਅਤੇ ਦੇਸ਼ ਦੇ ਦੂਜੇ ਸਭ ਤੋਂ ਉੱਚੇ ਨਾਗਰਿਕ ਸਨਮਾਨ ਪਦਮ ਵਿਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਦੱਸ ਦਈਏ ਕਿ ਭੋਸਲੇ ਮਰਹੂਮ ਪ੍ਰਸਿੱਧ ਗਾਇਕਾ ਲਤਾ ਮੰਗੇਸ਼ਕਰ ਦੀ ਛੋਟੀ ਭੈਣ ਹਨ। ਉਨ੍ਹਾਂ ਨੇ ਵੱਖ-ਵੱਖ ਭਾਰਤੀ ਭਾਸ਼ਾਵਾਂ ਵਿੱਚ 12,000 ਤੋਂ ਵੱਧ ਗੀਤ ਰਿਕਾਰਡ ਕੀਤੇ ਹਨ ਅਤੇ ਕਈ ਪ੍ਰਮੁੱਖ ਅਦਾਕਾਰਾ ਨੂੰ ਆਪਣੀ ਆਵਾਜ਼ ਦਿੱਤੀ ਹੈ, ਪਦਮਿਨੀ ਅਤੇ ਵੈਜਯੰਤੀਮਾਲਾ ਵਰਗੀਆਂ ਦੱਖਣੀ ਭਾਰਤੀ ਅਦਾਕਾਰਾ ਤੋਂ ਮੀਨਾ ਕੁਮਾਰੀ, ਮਧੂਬਾਲਾ, ਜ਼ੀਨਤ ਅਮਾਨ, ਕਾਜੋਲ, ਅਤੇ ਉਰਮਿਲਾ ਮਾਤੋਂਡਕਰ ਤੱਕ। ਭੋਸਲੇ ਦੇ ਕੁਝ ਪ੍ਰਸਿੱਧ ਗੀਤਾਂ ਵਿੱਚ “ਚੁਰਾ ਲਿਆ ਹੈ ਤੁਮਨੇ ਜੋ ਦਿਲ ਕੋ,” “ਅਭੀ ਨਾ ਜਾਓ ਛੋੜਕਰ “ ਅਤੇ “ਇੰਤਹਾ ਹੋ ਗਈ ਇੰਤਜ਼ਾਰ ਕੀ” ਸ਼ਾਮਲ ਹਨ। 2023 ਵਿੱਚ, ਉਸਨੇ ਆਪਣੇ ਜਨਮਦਿਨ ਦੀ ਯਾਦ ਵਿੱਚ ਦੁਬਈ ਵਿੱਚ ਆਯੋਜਿਤ ਇੱਕ ਵਿਸ਼ੇਸ਼ ਸੰਗੀਤ ਸਮਾਰੋਹ, “ਆਸ਼ਾ90: ਲਾਈਵ ਇਨ ਕੰਸਰਟ” ਵਿੱਚ ਪਰਫਾਰਮ ਵੀ ਕੀਤਾ। ਮਨੋਰੰਜਨ ਵੀਡੀਓ ਪ੍ਰਧਾਨ ਮੰਤਰੀ ਮੋਦੀ ਨੇ ਆਪਣੀ ਪੋਸਟ ਵਿੱਚ ਲਿਖਿਆ ਕਿ ਭਾਰਤ ਦੀਆਂ ਸਭ ਤੋਂ ਪ੍ਰਤੀਕ ਅਤੇ ਬਹੁਪੱਖੀ ਆਵਾਜ਼ਾਂ ਵਿੱਚੋਂ ਇੱਕ, ਆਸ਼ਾ ਭੌਂਸਲੇ ਜੀ ਦੇ ਦੇਹਾਂਤ ’ਤੇ ਮੈਨੂੰ ਬਹੁਤ ਦੁੱਖ ਹੋਇਆ ਹੈ। ਦਹਾਕਿਆਂ ਤੱਕ ਫੈਲੀ ਉਨ੍ਹਾਂ ਦੀ ਅਸਾਧਾਰਨ ਸੰਗੀਤਕ ਯਾਤਰਾ ਨੇ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਅਮੀਰ ਬਣਾਇਆ ਅਤੇ ਦੁਨੀਆ ਭਰ ਦੇ ਅਣਗਿਣਤ ਦਿਲਾਂ ਨੂੰ ਛੂਹ ਲਿਆ। ਭਾਵੇਂ ਇਹ ਉਨ੍ਹਾਂ ਦੇ ਦਿਲ ਨੂੰ ਛੂਹ ਲੈਣ ਵਾਲੇ ਸੁਰ ਸਨ ਜਾਂ ਉਨ੍ਹਾਂ ਦੀਆਂ ਭਾਵੁਕ ਰਚਨਾਵਾਂ, ਉਨ੍ਹਾਂ ਦੀ ਆਵਾਜ਼ ਹਮੇਸ਼ਾ ਬੇਮਿਸਾਲ ਰਹੀ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਪੋਸਟ ਵਿੱਚ ਆਸ਼ਾ ਭੌਂਸਲੇ ਦੇ ਦੇਹਾਂਤ ’ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਲਿਖਿਆ ਕਿ ਅੱਜ ਹਰ ਭਾਰਤੀ ਲਈ, ਅਤੇ ਖਾਸ ਕਰਕੇ ਮੇਰੇ ਵਰਗੇ ਸੰਗੀਤ ਪ੍ਰੇਮੀਆਂ ਲਈ ਇੱਕ ਦੁਖਦਾਈ ਦਿਨ ਹੈ, ਕਿਉਂਕਿ ਸਾਡੀ ਪਿਆਰੀ ਆਸ਼ਾ ਭੌਂਸਲੇ ਜੀ ਹੁਣ ਸਾਡੇ ਵਿੱਚ ਨਹੀਂ ਹਨ। ਆਸ਼ਾ ਤਾਈ ਨੇ ਨਾ ਸਿਰਫ਼ ਆਪਣੀ ਸੁਰੀਲੀ ਆਵਾਜ਼ ਅਤੇ ਬੇਮਿਸਾਲ ਪ੍ਰਤਿਭਾ ਨਾਲ ਇੱਕ ਵੱਖਰੀ ਪਛਾਣ ਬਣਾਈ, ਸਗੋਂ ਆਪਣੀ ਸੁਰੀਲੀ ਆਵਾਜ਼ ਨਾਲ ਭਾਰਤੀ ਸੰਗੀਤ ਨੂੰ ਵੀ ਅਮੀਰ ਬਣਾਇਆ।

## ਪੰਜਾਬ ’ਚ ਅਨੋਖਾ ਮਾਮਲਾ ! 25 ਸਾਲਾਂ ਬਾਅਦ ਜਦ ਘਰ ਪਹੁੰਚਿਆ ‘ਮਰ ਚੁੱਕਾ’ ਪਤੀ

**ਕਪੂਰਥਲਾ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਕਈ ਵਾਰ ਜ਼ਿੰਦਗੀ ਇਨਸਾਨ ਨੂੰ ਅਜਿਹੇ ਮੋੜ ‘ਤੇ ਲਿਆ ਖੜ੍ਹੀ ਕਰਦੀ ਹੈ, ਜਿੱਥੇ ਖ਼ੁਸ਼ੀ ਦੇ ਹੰਝੂਆਂ ਨਾਲ ਦਰਦ ਦੀ ਚੁੱਪ ਵੀ ਰਲ ਜਾਂਦੀ ਹੈ। ਕਪੂਰਥਲਾ ਦੇ ਪਿੰਡ ਸ਼ਿਵ ਦਿਆਲ



ਵਾਲਾ ਵਿਚੋਂ ਇਕ ਅਜਿਹੀ ਹੀ ਘਟਨਾ ਸਾਹਮਣੇ ਆਈ ਹੈ। ਇਥੇ 25 ਸਾਲਾਂ ਬਾਅਦ ਹੰਸਾ ਸਿੰਘ ਨਾਂ ਦਾ ਵਿਅਕਤੀ ਘਰ ਪਰਤਿਆ ਤਾਂ ਘਰ ਵਿਚ ਬਹੁਤ ਕੁਝ ਬਦਲ ਚੁੱਕਾ ਸੀ। ਮਾਨਸਿਕ ਤੌਰ ‘ਤੇ ਪਰੇਸ਼ਾਨ ਰਹੇ ਹੰਸਾ ਸਿੰਘ ਜਦੋਂ 25 ਸਾਲ ਬਾਅਦ ਆਪਣੇ ਘਰ ਦੀਆਂ ਗਲੀਆਂ ’ਚ ਵਾਪਸ ਪਹੁੰਚਿਆ ਤਾਂ ਉਸ ਲਈ ਇਹ ਸਿਰਫ਼ ਵਾਪਸੀ ਨਹੀਂ ਸੀ, ਇਹ ਇਕ ਅਜਿਹਾ ਸੱਚ ਸੀ ਜੋ ਦਿਲ ਨੂੰ ਚੀਰ ਕੇ ਰੱਖ ਦੇਵੇ। ਜਿਸ ਘਰ ਨੂੰ ਉਹ ਆਪਣਾ ਸਮਝਦਾ ਸੀ, ਉਸ ਘਰ ’ਚ ਹੁਣ ਉਨ੍ਹਾਂ ਦੀ ਪਤਨੀ ਕਿਸੇ ਹੋਰ ਦੀ ਜੀਵਨ ਸਾਥੀ ਬਣ ਚੁੱਕੀ ਸੀ, ਉਹ ਵੀ ਉਸ ਦੇ ਹੀ ਛੋਟੇ ਭਰਾ ਦੀ। ਦਰਅਸਲ ਪਰਿਵਾਰ ਨੇ ਸਾਲਾਂ ਪਹਿਲਾਂ ਹੰਸਾ ਸਿੰਘ ਨੂੰ ਮ੍ਰਿਤਕ ਮੰਨ ਲਿਆ ਸੀ। ਰਿਵਾਜਾਂ ਅਤੇ ਮਜ਼ਬੂਰੀਆਂ ਦੇ ਵਿਚਕਾਰ ਪਤਨੀ ਦਾ ਵਿਆਹ ਛੋਟੇ ਭਰਾ ਨਾਲ ਕਰ ਦਿੱਤਾ ਗਿਆ। 22 ਸਾਲਾਂ ਦੀ ਇਸ ਨਵੀਂ ਜ਼ਿੰਦਗੀ ’ਚ ਉਨ੍ਹਾਂ ਦੇ ਬੱਚੇ ਵੀ ਹਨ। ਇਸ ਦੌਰਾਨ 25 ਸਾਲਾਂ ਬਾਅਦ ਜਦੋਂ ਹੰਸਾ ਸਿੰਘ ਵਾਪਸ ਆਇਆ ਤਾਂ ਉਹ ਖ਼ੁਸ਼ੀ ਦਾ ਪਲ ਤਾਂ ਸੀ ਪਰ ਇਸ ਖ਼ੁਸ਼ੀ ਦੇ ਨਾਲ ਅਨੇਕਾਂ ਸਵਾਲ ਵੀ ਖੜ੍ਹੇ ਹੋ ਗਏ। ਮਿਲੀ ਜਾਣਕਾਰੀ ਮੁਤਾਬਕ ਕਪੂਰਥਲਾ ਜ਼ਿਲ੍ਹੇ ਦੇ ਰਹਿਣ ਵਾਲਾ ਹੰਸਾ ਸਿੰਘ 25 ਸਾਲ ਪਹਿਲਾਂ ਅਚਾਨਕ ਗਾਇਬ ਹੋ ਗਿਆ ਸੀ। ਪਰਿਵਾਰ ਨੇ ਹਰ ਥਾਂ ਉਸ ਦੀ ਭਾਲ ਕੀਤੀ ਪਰ ਕੋਈ ਸੁੱਧ ਨਹੀਂ ਮਿਲੀ। ਤਿੰਨ ਸਾਲ ਇੰਤਜ਼ਾਰ ਕਰਨ ਮਗਰੋਂ ਪਰਿਵਾਰ ਨੇ ਉਮੀਦ ਛੱਡ ਦਿੱਤੀ ਅਤੇ ਉਸ ਨੂੰ ਮ੍ਰਿਤਕ ਮੰਨ ਲਿਆ। ਸਮਾਜਕ ਰਿਵਾਜ਼ਾਂ ਮੁਤਾਬਕ ਉਸ ਦੀ ਪਤਨੀ ਦਾ ਵਿਆਹ ਛੋਟੇ ਭਰਾ ਨਾਲ ਕਰ ਦਿੱਤਾ ਗਿਆ। ਇਸ ਵਿਆਹ ਨੂੰ ਹੁਣ 22 ਸਾਲ ਹੋ ਚੁੱਕੇ ਹਨ ਅਤੇ ਦੋਹਾਂ ਦੇ ਦੋ ਬੱਚੇ ਵੀ ਹਨ। ਸਭ ਕੁਝ ਠੀਕ ਚੱਲ ਰਿਹਾ ਸੀ ਕਿ ਅਚਾਨਕ 25 ਸਾਲ ਬਾਅਦ ਹੰਸਾ ਸਿੰਘ ਵਾਪਸ ਆ ਗਿਆ। ਉੱਤਰ ਪ੍ਰਦੇਸ਼ ਦੇ ਨਰਥੌਰ ਦੇ ਨਵੇਂ ਬਾਜ਼ਾਰ ’ਚ ਇਕ ਵਿਅਕਤੀ ਫਟੇ ਕੱਪੜਿਆਂ ਅਤੇ ਲੰਮੀ ਦਾੜ੍ਹੀ ਨਾਲ ਭਟਕਦਾ ਮਿਲਿਆ। ਸਥਾਨਕ ਲੋਕਾਂ ਨੂੰ ਸ਼ੱਕ ਹੋਇਆ ਅਤੇ ਪੁਲਸ ਨੂੰ ਸੂਚਨਾ ਦਿੱਤੀ ਗਈ। ਥਾਣਾ ਇੰਚਾਰਜ ਰਵਿੰਦਰ ਪ੍ਰਤਾਪ ਸਿੰਘ ਮੌਕੇ ’ਤੇ ਪਹੁੰਚੇ ਅਤੇ ਉਸ ਵਿਅਕਤੀ ਨਾਲ ਗੱਲਬਾਤ ਕੀਤੀ। ਸ਼ੁਰੂ ਵਿੱਚ ਉਹ ਕੁਝ ਸਾਫ਼ ਨਹੀਂ ਦੱਸ ਸਕਿਆ ਪਰ ਹੌਲੀ-ਹੌਲੀ ਉਸ ਨੇ ਆਪਣਾ ਨਾਮ ਹੰਸਾ ਸਿੰਘ ਦੱਸਿਆ। ਪੁਲਸ ਨੇ ਗੰਭੀਰਤਾ ਨਾਲ ਜਾਂਚ ਸ਼ੁਰੂ ਕੀਤੀ ਅਤੇ ਸਥਾਨਕ ਲੋਕਾਂ ਦੀ ਮਦਦ ਨਾਲ ਉਸ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ। ਪੰਜਾਬ ਪੁਲਸ ਨਾਲ ਵੀ ਸੰਪਰਕ ਕੀਤਾ ਗਿਆ। 72 ਘੰਟਿਆਂ ’ਚ ਪਰਿਵਾਰਕ ਮੈਂਬਰ ਨਰਥੌਰ ਪਹੁੰਚ ਗਏ। ਪਹਿਲਾਂ ਉਹ ਉਸ ਨੂੰ ਪਛਾਣ ਨਹੀਂ ਸਕੇ ਕਿਉਂਕਿ 25 ਸਾਲਾਂ ’ਚ ਉਸ ਦਾ ਰੂਪ ਬਦਲ ਚੁੱਕਾ ਸੀ ਪਰ ਜਦੋਂ ਭਰਾਵਾਂ ਅਤੇ ਪਿੰਡ ਦੇ ਸਰਪੰਚ ਨੇ ਬਚਪਨ ਦੀਆਂ ਯਾਦਾਂ ਅਤੇ ਘਟਨਾਵਾਂ ਬਾਰੇ ਪੁੱਛਿਆ ਤਾਂ ਉਹ ਭਾਵੁਕ ਹੋ ਗਿਆ ਅਤੇ ਉਸ ਦੀਆਂ ਅੱਖਾਂ ‘ਚ ਹੰਝੂ ਆ ਗਏ। ਇਹ ਪਰਿਵਾਰ ਲਈ ਬਹੁਤ ਖ਼ੁਸ਼ੀ ਦਾ ਪਲ ਸੀ ਕਿ ਜੋ ਮੈਂਬਰ ਸਦਾ ਲਈ ਖੋ ਗਿਆ ਸੀ, ਉਹ ਵਾਪਸ ਮਿਲ ਗਿਆ ਪਰ ਇਸ ਨਾਲ ਇਕ ਵੱਡੀ ਸਮੱਸਿਆ ਵੀ ਖੜ੍ਹੀ ਹੋ ਗਈ। ਸਭ ਤੋਂ ਵੱਡੀ ਚੁਣੌਤੀ ਵਿਮਲਾ ਦੇਵੀ ਸਾਹਮਣੇ ਹੈ, ਉਹ ਹੁਣ ਕਿਸ ਨੂੰ ਤਰਜੀਹ ਦੇਵੇ ?

## ਅੰਮ੍ਰਿਤਸਰ ਏਅਰਪੋਰਟ ’ਤੇ ‘ਬਰਡ-ਹਿੱਟ’ ਅਤੇ ਗੈਰ-ਕਾਨੂੰਨੀ ਨਿਰਮਾਣਾਂ ’ਤੇ ਲੱਗੇਗੀ ਰੋਕ, ਮੈਨੇਜਮੈਂਟ ਹੋਈ ਸਖ਼ਤ

**ਅੰਮ੍ਰਿਤਸਰ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ ’ਤੇ ਜਹਾਜ਼ਾਂ ਦੀ ਸੁਰੱਖਿਅਤ ਆਵਾਜਾਈ ਅਤੇ ਵਾਤਾਵਰਣ ਪ੍ਰਬੰਧਨ ਨੂੰ ਲੈ ਕੇ ‘ਏਅਰਪੋਰਟ ਇਨਵਾਇਰਨਮੈਂਟ ਮੈਨੇਜਮੈਂਟ ਕਮੇਟੀ (ਏ. ਈ. ਐੱਮ. ਸੀ)’ ਦੀ ਇਕ ਮਹੱਤਵਪੂਰਨ



ਮੀਟਿੰਗ ਆਯੋਜਿਤ ਕੀਤੀ ਗਈ। ਇਹ ਮੀਟਿੰਗ ਏਅਰਪੋਰਟ ਡਾਇਰੈਕਟਰ ਭੁਪਿੰਦਰ ਸਿੰਘ ਦੀ ਅਗਵਾਈ ਹੇਠ ਏਅਰਪੋਰਟ ਅਥਾਰਟੀ ਆਫ ਇੰਡੀਆ ਦੇ ਬਿਜ਼ਨੈੱਸ ਸੈਂਟਰ ’ਚ ਹੋਈ, ਜਿਸ ’ਚ ਲੱਗਭਗ ਇਕ ਦਰਜਨ ਵਿਭਾਗਾਂ ਦੇ ਨੁਮਾਇੰਦਿਆਂ ਨੇ ਹਿੱਸਾ ਲਿਆ। ਮੀਟਿੰਗ ਦੌਰਾਨ ਜਹਾਜ਼ਾਂ ਦੀ ਸੁਰੱਖਿਆ ’ਚ ਰੁਕਾਵਟ ਬਣਨ ਵਾਲੇ ਵੱਖ-ਵੱਖ ਕਾਰਨਾਂ ’ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ। ਖ਼ਾਸ ਕਰਕੇ ਏਅਰਪੋਰਟ ਦੇ ਆਲੇ-ਦੁਆਲੇ ਹੋ ਰਹੇ ਗੈਰ-ਕਾਨੂੰਨੀ ਨਿਰਮਾਣਾਂ ਅਤੇ ਵਾਤਾਵਰਣ ਸਬੰਧੀ ਚੁਣੌਤੀਆਂ ’ਤੇ ਸਖ਼ਤੀ ਕਰਨ ਦਾ ਫੈਸਲਾ ਲਿਆ ਗਿਆ। ਮੀਟਿੰਗ ਦੌਰਾਨ ਕਮੇਟੀ ਨੇ ਚਿੰਤਾ ਜਤਾਈ ਕਿ ਏਅਰਪੋਰਟ ਦੇ ਆਲੇ-ਦੁਆਲੇ ਪੰਛੀਆਂ ਅਤੇ ਜੰਗਲੀ ਜੀਵਾਂ ਦੀ ਵਧ ਰਹੀ ਗਤੀਵਿਧੀ ਜਹਾਜ਼ਾਂ ਲਈ ਵੱਡਾ ਖ਼ਤਰਾ ਬਣ ਰਹੀ ਹੈ। ਡਾਇਰੈਕਟਰ ਭੁਪਿੰਦਰ ਸਿੰਘ ਨੇ ਸਪੱਸ਼ਟ ਕੀਤਾ ਕਿ ‘ਬਰਡ-ਹਿੱਟ’ ਵਰਗੀਆਂ ਘਟਨਾਵਾਂ ਨੂੰ ਰੋਕਣ ਲਈ ਲਗਾਤਾਰ ਅਤੇ ਪ੍ਰਭਾਵਸ਼ਾਲੀ ਕਦਮ ਚੁੱਕਣੇ ਬਹੁਤ ਜ਼ਰੂਰੀ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਪਿਛਲੀ ਮੀਟਿੰਗ 22 ਮਈ 2025 ਨੂੰ ਹੋਈ ਸੀ, ਜਿਸ ਤੋਂ ਬਾਅਦ ਹੁਣ ਤੱਕ ਕੀਤੇ ਗਏ ਸੁਰੱਖਿਆ ਉਪਾਵਾਂ ਦੀ ਸਮੀਖਿਆ ਵੀ ਇਸ ਬੈਠਕ ’ਚ ਕੀਤੀ ਗਈ। ਅਧਿਕਾਰੀਆਂ ਮੁਤਾਬਕ ਏਅਰਪੋਰਟ ਦੀ ਸੰਵੇਦਨਸ਼ੀਲਤਾ ਨੂੰ ਧਿਆਨ ’ਚ ਰੱਖਦੇ ਹੋਏ ਆਉਣ ਵਾਲੇ ਸਮੇਂ ’ਚ ਹੋਰ ਸਖ਼ਤ ਕਦਮ ਚੁੱਕੇ ਜਾਣਗੇ, ਤਾਂ ਜੋ ਯਾਤਰੀਆਂ ਅਤੇ ਜਹਾਜ਼ਾਂ ਦੀ ਸੁਰੱਖਿਆ ਨੂੰ ਹਰ ਹਾਲ ’ਚ ਯਕੀਨੀ ਬਣਾਇਆ ਜਾ ਸਕੇ। ਏਅਰਪੋਰਟ ਡਾਇਰੈਕਟਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਸ ਮੀਟਿੰਗ ’ਚ ਪੰਛੀਆਂ ਦੇ ਖ਼ਤਰੇ ਦੇ ਨਾਲ-ਨਾਲ ਕਈ ਆਧੁਨਿਕ ਚੁਣੌਤੀਆਂ ’ਤੇ ਵੀ ਗੰਭੀਰਤਾ ਨਾਲ ਵਿਚਾਰ ਕੀਤਾ ਗਿਆ, ਜੋ ਲੈਂਡਿੰਗ ਅਤੇ ਟੇਕ-ਆਫ਼ ਨਾਲ ਸਬੰਧਤ ਹਨ। ਉਨ੍ਹਾਂ ਕਿਹਾ ਕਿ ਏਅਰਪੋਰਟ ’ਤੇ ਲੈਂਡਿੰਗ ਅਤੇ ਟੇਕ-ਆਫ਼ ਦੌਰਾਨ ਹਰ ਗਤੀਵਿਧੀ ’ਤੇ ਤਿੱਖੀ ਨਿਗਰਾਨੀ ਰੱਖੀ ਜਾਂਦੀ ਹੈ। ਲੈਂਡਿੰਗ ਅਤੇ ਟੇਕ-ਆਫ਼ ਸਮੇਂ ਜਹਾਜ਼ਾਂ ’ਤੇ ਲੇਜ਼ਰ ਲਾਈਟ ਮਾਰਨ ਵਾਲੀਆਂ ਘਟਨਾਵਾਂ ’ਤੇ ਰੋਕ ਲਾਉਣ ’ਤੇ ਵੀ ਜ਼ੋਰ ਦਿੱਤਾ ਗਿਆ।

# ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ



ਸਦੀਆਂ ਤੋਂ ਪੰਜਾਬੀ ਲੋਕ ਵਿਸਾਖੀ ਨੂੰ ਇਕ ਮੌਸਮੀ ਤਿਓਹਾਰ ਦੇ ਤੌਰ 'ਤੇ ਮਨਾਉਂਦੇ ਆ ਰਹੇ ਸਨ। 1699 ਦੀ ਵਿਸਾਖੀ ਮੌਕੇ ਗੁਰੂ ਗੋਬਿੰਦ ਸਿੰਘ ਜੀ ਨੇ ਜੋ ਕੌਤਕ ਵਰਤਾਇਆ ਉਹ ਸਿੱਖ ਕੌਮ ਨੂੰ ਸਦਾ ਵਾਸਤੇ ਇਸ ਦਿਹਾੜੇ ਨਾਲ ਜੋੜ ਗਿਆ। ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਜਾਤ ਪਾਤ ਊਚ ਨੀਚ ਦਾ ਭੇਦ ਭਾਵ ਮਿਟਾਉਂਦੇ ਹੋਏ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ। ਖਾਲਸੇ ਨੂੰ ਇਕ ਰਹਿਤ ਮਰਿਯਾਦਾ ਬਖਸ਼ੀ ਗਈ। ਸਭ ਤੋਂ ਮਹਾਨ ਕੌਤਕ ਕਿ ਗੁਰੂ ਸਾਹਿਬ ਨੇ ਗੁਰੂ ਪੰਥ ਦੇ ਨੁਮਾਇੰਦੇ ਪੰਜ ਪਿਆਰਿਆਂ ਨੂੰ ਸਥਾਪਤ ਕਰਕੇ ਗੁਰੂ ਦਾ ਦਰਜਾ ਦਿੱਤਾ ਅਤੇ ਉਹਨਾਂ ਤੋਂ ਆਪ ਅੰਮ੍ਰਿਤ ਛੱਕਿਆ।









**13 ਅਪ੍ਰੈਲ 1978 ਨੂੰ ਭਾਈ ਫੌਜਾ ਸਿੰਘ ਦੀ ਅਗਵਾਈ ਵਿੱਚ ਨਿਰੰਕਾਰੀ ਮੁੱਖੀ ਵਲੋਂ ਕੀਤੀ ਜਾ ਰਹੀ ਬੇਅਦਬੀ ਨੂੰ ਰੋਕਣ ਲਈ ਖ਼ੂਨੀ ਸਾਕੇ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਅਤੇ ਇੰਨ੍ਹਾ ਸ਼ਹਾਦਤਾਂ ਤੋਂ ਪ੍ਰੇਰਨਾ ਲੈਂਦਿਆਂ ਖਾਲਿਸਤਾਨ ਦੀ ਸਥਾਪਤੀ ਲਈ ਵਚਨਬੱਧ ਹੋਈਏ।**




# ਗੁਰੂ ਨਾਨਕ ਸਿੱਖ ਗੁਰਦੁਆਰਾ ਸਰੀ ਕੈਨੇਡਾ

## ਮੈਂ ਸਰੀਰਕ ਮੌਤ ਨੂੰ ਮੌਤ ਨਹੀ ਮੰਨਦਾ ਜਮੀਰ ਦਾ ਮਰਜਾਣਾ ਯਕੀਨਨ ਮੌਤ ਹੈ।

ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ

ਜਨਮ
ਪਿੰਡ ਰੋਡੇ
2.6.1947
Birth
Pind Rode

ਸ਼ਹੀਦੀ
ਸ੍ਰੀ ਦਰਬਾਰ ਸਾਹਿਬ
ਅੰਮ੍ਰਿਤਸਰ
6.6.1984
Shaheedi
Sri Darbar Sahib
Amritsar



www.damdamitaksal.net

Physical death i do not fear
death of conscience is a sure death

Sant Jarnail Singh Ji Khalsa Bhindranwale
www.damdamitaksal.net



ਪੰਥਕ ਸ਼ਬਦ ਸੱਚੀ ਟਕਸਾਲ ॥ ਦਮਦਮੀ ਟਕਸਾਲ

ਨਾਮ ਜਪੋ ਕਿਰਤ ਕਰੋ ਵੰਡ ਛਕੋ | Naam Japo Kirat Karo Vand Shako

ਜਥਾ ਭਿੰਡਰਾਂ (ਮਹਿਤਾ)
www.damdamitaksal.net

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
WAHEGURU JI KA KHALSA WAHEGURU JI KI FATEH

ਖੰਡੇ ਬਾਟੇ ਦੀ ਪਾਹੁਲ ਛੱਕ ਕੇ ਗੁਰੂ ਵਾਲੇ ਬਣੋ
Khande Bate di Pahul Shak Ke Guru Wale Bano

ਗੁਰਬਾਣੀ ਸੰਥਿਆ ਅਤੇ ਗੁਰਮਤਿ ਸਿੱਖਿਆ ਨਾਲ ਜੁੜੋ
Join Gurbani Santhia and Gurmat Sikhia

ਕੀਰਤਨ ਕਥਾ ਕਵੀਸ਼ਰੀ ਅਤੇ ਢਾਡੀ ਵਾਰਾਂ ਸਿੱਖੋ
Learn Kirtan Katha Kavishri and Dhadi Waran

ਗੁਰਮੁਖੀ ਪੰਜਾਬੀ ਸਿੱਖੋ
Learn Gurmukhi Punjabi

ਗਤਕਾ ਸਿੱਖੋ Learn Gatka
www.damdamitaksal.net



ਆਵਾਜ਼ਿ ਕੌਮ
Daily Newspaper from U.K.

Publisher/Chief Editor
**Raghbir Singh Walsal**
E-mail : awazeqaumtv@gmail.com

www.awazeqaumtv.com

for AWAZE QAUM Channel

https://youtu.be/LQwolgxDu7I
Contact :
+447458381111
+447976210161
+919729091243

ਆਵਾਜ਼ਿ ਕੌਮ AWAZE QAUM TV



ਭਾਈ ਰਘਵੀਰ ਸਿੰਘ ਵਾਲਸਾਲ
ਯੂ.ਕੇ. ਮੁੱਖ ਸੰਪਾਦਕ
Raghbir Singh Walsall uk


**ਪੰਜਾਬੀ ਸਿੱਖੋ, ਪੰਜਾਬੀ ਪੜ੍ਹੋ, ਪੰਜਾਬੀ ਬੋਲੋ, ਮਾਂ ਬੋਲੀ ਪੰਜਾਬੀ ਅਤੇ ਆਪਣੇ ਪੰਜਾਬ ਨੂੰ ਪਿਆਰ ਕਰੋ**

## ਸਮੂਹ ਪੱਤਰਕਾਰ/ਲੇਖਕਾਂ ਦੇ ਧਿਆਨ ਹਿਤ

ਸਮੂਹ ਪੱਤਰਕਾਰਾਂ/ਲੇਖਕਾਂ ਨੂੰ ਅਪੀਲ ਹੈ ਕਿ ਉਹ ਆਪਣੀਆ ਖ਼ਬਰਾਂ, ਇਸ਼ਤਿਹਾਰ ਅਤੇ ਹੋਰ ਸਮੱਗਰੀ ਸ਼ੁੱਧ ਪੰਜਾਬੀ ਵਿੱਚ ਕੰਪੋਜ਼ ਕਰਕੇ ਭੇਜਣ। ਬਿਨਾਂ ਕੰਪੋਜ਼ ਕੀਤੀਆਂ ਗਈਆਂ ਖ਼ਬਰਾਂ, ਲੇਖ ਜਾਂ ਹੋਰ ਕਿਸੇ ਵੀ ਪ੍ਰਕਾਰ ਦੇ ਮੈਟਰ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ। -ਸੰਪਾਦਕ


ਦੇਗ ਤੇਗ ਫ਼ਤਿਹ - ਪੰਥ ਕੀ ਜੀਤ

ਹਮ ਰਾਖਤ ਪਾਤਿਸ਼ਾਹੀ ਦਾਵਾ ॥ ਜਾਂ ਇਤ ਕੋ ਜਾਂ ਅਗਲੋਂ ਪਾਵਾ ॥

**ਧੰਨ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਤੇ ਮਾਤਾ ਸਾਹਿਬ ਕੌਰ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ**



ਧੰਨ-ਧੰਨ ਮਾਤਾ ਸਾਹਿਬ ਕੌਰ ਜੀ

# ਗੁਰਮਤਿ ਸਮਾਗਮ



ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂ ਵਾਲੇ

**1 ਨਵੰਬਰ 2026, ਦਿਨ ਐਤਵਾਰ ਨੂੰ**

ਬੱਬਰਾਂ ਦੇ ਹਾਈ ਕੋਰਟ ਗੁਰਦੁਆਰਾ ਸ਼ਹੀਦਾਂ, ਜੱਸੋਵਾਲ ਵਿਖੇ
ਬੜੀ ਸ਼ਰਧਾ ਨਾਲ ਕਰਵਾਇਆ ਜਾ ਰਿਹਾ ਹੈ।

ਲੜੀ ਅਰੰਭ ਸ੍ਰੀ ਅਖੰਡ ਪਾਠ ਸਾਹਿਬ -20 ਅਕਤੂਬਰ, ਮੰਗਲਵਾਰ, ਸਵੇਰੇ 10 ਵਜੇ | ਲੜੀ ਭੋਗ ਸ੍ਰੀ ਅਖੰਡ ਪਾਠ ਸਾਹਿਬ -1 ਨਵੰਬਰ, ਐਤਵਾਰ, ਸਵੇਰੇ 9 ਵਜੇ



ਜੋੜ ਮੇਲੇ ਵਿੱਚ ਸਿੰਘ ਸਾਹਿਬਾਨ, ਦਮਦਮੀ ਟਕਸਾਲ, ਸੰਤ ਮਹਾਂਪੁਰਸ਼, ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਮੈਂਬਰ, ਨਿਰਮਲੇ, ਉਦਾਸੀ, ਧਾਰਮਿਕ, ਕਿਸਾਨ ਆਗੂ, ਹਰ ਪਾਰਟੀ ਦੇ ਸਿਆਸੀ ਲੀਡਰ, ਇੰਟਰਨੈਸ਼ਨਲ ਪੰਥਕ ਦਲ ਯੂ.ਕੇ. ਅਤੇ ਭਾਰਤ ਦੇ ਸਮੂਹ ਅਹੁਦੇਦਾਰ ਅਤੇ ਨਾਮਵਰ ਰਾਗੀ-ਢਾਡੀ-ਕਵੀਸ਼ਰ ਜਥੇ ਪਹੁੰਚ ਰਹੇ ਹਨ।

**ਨੋਟ : ਇਹ ਸਮਾਗਮ 13 ਦਿਨ ਚੱਲੇਗਾ**

ਸਮੂਹ ਸੰਗਤ ਨੂੰ ਪਹੁੰਚਣ ਲਈ ਬੇਨਤੀ ਕੀਤੀ ਜਾਂਦੀ ਹੈ। ਗੁਰੂ ਦੇ ਲੰਗਰ ਅਤੇ ਚਾਹ ਪਕੌੜਿਆਂ ਦੇ ਲੰਗਰ ਅਤੁੱਟ ਵਰਤਣਗੇ।

ਬੇਨਤੀ ਕਰਤਾ
**ਸੰਤ ਬਾਬਾ ਚਰਨਜੀਤ ਸਿੰਘ ਜੱਸੋਵਾਲ 98141-27470**
**ਜਥੇਦਾਰਨੀ ਬੀਬੀ ਸੁਰਿੰਦਰ ਕੌਰ 73408-35137**
**ਦਮਦਮੀ ਟਕਸਾਲ ਵਾਲੇ ਅੰਤਰਰਾਸ਼ਟਰੀ ਮੁੱਖ ਬੁਲਾਰਾ ਇੰਟਰਨੈਸ਼ਨਲ ਪੰਥਕ ਦੱਲ**
ਜਾਰੀ ਕਰਤਾ : ਭਾਈ ਜਰਨੈਲ ਸਿੰਘ ਢਿੱਲੋਂ, ਬੀਬੀ ਅਰਸ਼ਪ੍ਰੀਤ ਕੌਰ 84278-66404, ਜ: ਹਰਜੋਤ ਸਿੰਘ ਢਿੱਲੋਂ, ਜ: ਮਹਿਤਾਬ ਸਿੰਘ ਢਿੱਲੋਂ

ਸੰਪਰਕ ਨੰਬਰ 84278-66404


Vehicle360
Professional Car Repairs & Servicing
West Bromwich
CAR SERVICES – ALL MAKES & MODELS
FREE VEHICLE HEALTH CHECK
Full & Interim Servicing
Diagnostics & Fault Finding
Clutches & Gearboxes
Timing Chains & Cambelts
DPF & Engine Repairs
Brakes, Suspension & Exhausts
Experienced mechanics
(7–10 years)
Honest advice & fair pricing
Quality / OEM parts used
CALL NOW: 0121 269 9586
12 Ridgacre Rd, West Bromwich, B71 1DB
Your local trusted garage
ਆਵਾਜ਼ਿ ਕੌਮ
AWAZE QAUM
International Newspaper & WEB TV




ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243





ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰ ਧਰਿ ਤਲੀ ਗਲੀ ਮੇਰੀ ਆਉ ॥

## ਬੱਬਰ ਖਾਲਸਾ ਜਰਮਨੀ ਵਲੋਂ

# ਖਾਲਸੇ ਦੇ ਪ੍ਰਗਟ ਦਿਹਾੜੇ ਦੀ ਬਹੁਤ - ਬਹੁਤ ਵਧਾਈ ਹੋਵੇ

## ਕੌਮ ਨੂੰ ਇਕਮੁੱਠ ਹੋ ਕੇ ਅਜ਼ਾਦੀ ਦੀ ਮੰਜ਼ਿਲ ਵੱਲ ਵਧਣ ਦੀ ਅਪੀਲ





**1699** ਈਸਵੀ ਨੂੰ ਵਿਸਾਖੀ ਵਾਲੇ ਦਿਨ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਨੇ ਖਾਲਸਾ ਪ੍ਰਗਟ ਕੀਤਾ । ਜੋ ਗੁਰਬਾਣੀ ਦੇ ਮਹਾਂਵਾਕ **"ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ ॥"** ਅਨੁਸਾਰ ਜੀਵਨ ਬਤੀਤ ਕਰਦਾ ਹੈ ।

**13** ਅਪ੍ਰੈਲ **1978** ਵਿਸਾਖੀ ਵਾਲੇ ਦਿਨ **13** ਸਿੰਘਾਂ ਦੀ ਸ਼ਹਾਦਤ ਅਤੇ **78** ਦੇ ਕਰੀਬ ਸਿੰਘਾਂ ਦੇ ਜ਼ਖ਼ਮੀ ਹੋਣ ਤੇ ਹਿੰਦ ਸ੍ਰਕਾਰ ਅਤੇ ਪੁਲਿਸ ਦੀ ਮਿਲੀਭੁਗਤ ਨਾਲ ਕੋਈ ਇਨਸਾਫ ਨਾ ਮਿਲਣ ਅਤੇ ਦੋਸ਼ੀਆਂ ਦੇ ਸਾਫ ਬਰੀ ਹੋ ਜਾਣ ਦੇ ਰੋਸ ਵਜੋਂ ਇਨਸਾਫ਼ ਲੈਣ ਲਈ ਅਖੰਡ ਕੀਰਤਨੀ ਜਥੇ ਦੇ ਕੁੱਝ ਸਿੰਘਾਂ ਨੇ ਕਮਰਕੱਸੇ ਕਰ ਲਏ । ਜੋ ਕਿ ਸਮਾਂ ਆਉਣ ਤੇ **'ਬੱਬਰ ਖਾਲਸਾ ਜਥੇਬੰਦੀ'** ਦੇ ਰੂਪ ਵਿੱਚ ਦੁਸ਼ਟਾਂ ਨੂੰ ਸੋਧਣ ਲੱਗੇ । ਨਰਕਧਾਰੀਆਂ ਅਤੇ ਦੁਸ਼ਟਾਂ ਦੇ ਲੱਗ ਰਹੇ ਸੋਧਿਆਂ ਨੇ ਹਿੰਦ ਸ੍ਰਕਾਰ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ । ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਕਹੇ ਬੋਲਾਂ ਕਿ **'ਜਿਸ ਦਿਨ ਦਰਬਾਰ ਸਾਹਿਬ ਅੰਦਰ ਭਾਰਤੀ ਫੌਜਾਂ ਦਾ ਪੈਰ ਪਿਆ, ਉਸ ਦਿਨ ਖਾਲਿਸਤਾਨ ਦੀ ਨੀਂਹ ਰੱਖੀ ਜਾਵੇਗੀ'** ਤੇ ਪਹਿਰਾ ਦਿੰਦਿਆਂ ਬੱਬਰਾਂ ਵਲੋਂ ਜੂਨ **1984** ਤੋਂ ਆਪਣੇ ਆਜ਼ਾਦ ਦੇਸ਼ ਖਾਲਿਸਤਾਨ ਦੀ ਜੰਗ ਜਾਰੀ ਹੈ ।

ਅਸੀਂ ਬੱਬਰ ਖਾਲਸਾ ਜਰਮਨੀ ਵਲੋਂ ਜਰਮਨ ਦੇ ਕਾਨੂੰਨ ਦੇ ਦਾਇਰੇ ਵਿੱਚ ਵਿਚਰਦਿਆਂ ਆਪਣੀ ਅਜ਼ਾਦੀ ਲਈ ਆਪਣਾ ਤਿੱਲ - ਫੁੱਲ ਯੋਗਦਾਨ ਪਾ ਰਹੇ ਹਾਂ ਅਤੇ ਆਪਣਾ ਦੇਸ਼ ਖਾਲਿਸਤਾਨ ਬਣਨ ਤੱਕ ਨਿਰੰਤਰ ਜਾਰੀ ਰੱਖਾਂਗੇ । ਕੌਮ ਨੂੰ ਅਪੀਲ ਹੈ ਕਿ ਸਾਡੇ ਸਾਰੇ ਮਸਲਿਆਂ ਦਾ ਹੱਲ ਸਿਰਫ ਤੇ ਸਿਰਫ ਖਾਲਿਸਤਾਨ ਹੈ । ਇਸ ਦੀ ਪ੍ਰਾਪਤੀ ਲਈ ਆਪਣਾ ਯੋਗਦਾਨ ਪਾਈਏ ।







ਆਵਾਜ਼ਿ ਕੌਮ AWAZE QAUM International Newspaper & WEB TV

ਗੁਰੂ ਪੰਥ ਦੇ ਦਾਸਰੇ:-
ਜਥੇ. ਭਾਈ ਰੇਸ਼ਮ ਸਿੰਘ ਬੱਬਰ, ਜਥੇ. ਭਾਈ ਸਤਨਾਮ ਸਿੰਘ ਬੱਬਰ,
ਭਾਈ ਰਾਜਿੰਦਰ ਸਿੰਘ ਬੱਬਰ, ਭਾਈ ਅਵਤਾਰ ਸਿੰਘ ਬੱਬਰ, ਭਾਈ ਬਿਧੀ ਸਿੰਘ ਬੱਬਰ

## ਅੰਮ੍ਰਿਤੁ ਪੀਵਹੁ ਸਦਾ ਚਿਰੁ ਜੀਵਹੁ ਹਰਿ ਸਿਮਰਤ ਅਨਦ ਅਨੰਤਾ



ਵਿਸਾਖੀ 1699- ਇਹ ਬਹੁਤ ਵੱਡਾ ਮੀਲ ਪੱਥਰ ਹੈ ਸਿੱਖ ਇਤਿਹਾਸ ਦਾ। "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ" ਅਨੁਸਾਰ ਸਿੱਖਾਂ ਦੀ ਜੋ ਤਿਆਰੀ ਪਹਿਲੇ ਜਾਮੇ ਤੋਂ ਕਰਵਾਈ ਜਾ ਰਹੀ ਸੀ ਉਸੇ ਦਾ ਨਤੀਜਾ 1699 ਨੂੰ ਜਦੋਂ ਦਸਮੇਸ਼ ਜੀ ਨੇ ਨੰਗੀ ਤਲਵਾਰ ਦੀ ਧਾਰ ` ਤੇ ਪੰਥ ਦਾ ਇਮਤਿਹਾਨ ਲਿਆ ਤਾਂ ਪੰਥ ਵੀ ਗੁਰੂ ਦੇ ਯਕੀਨ ` ਤੇ 100% ਪੂਰਾ ਉਤਰਿਆ।

ਵਿਸਾਖੀ 1699 ਨੂੰ ਹੀ ਨਾਵਾਂ ਨਾਲ ਸਿੰਘ-ਕੌਰ ਜੋੜ ਕੇ ਪੰਥ ਨੂੰ ਪ੍ਰਵਾਰਕ ਰੂਪ ਬਖਸ਼ਿਆ। ਗੋਬਿੰਦ ਰਾਇ ਤੋਂ ਗੋਬਿੰਦ ਸਿੰਘ- ਭਾਵ ਇਸ ਦਾ ਆਰੰਭ ਵੀ ਪਾਤਸ਼ਾਹ ਨੇ ਆਪਣੇ ਆਪ ਤੋਂ ਹੀ ਕੀਤਾ ਤੇ ਕੌਮ ਨੂੰ ਜਾਤਾਂ-ਗੋਤਾਂ ਵਾਲੇ ਕੋੜ੍ਹ ` ਚੋਂ ਕਢਿਆ ਪਰ ਅੱਜ ਅਸੀਂ ਕਿੱਥੇ ਖੜੇ ਹਾਂ..



**ਅਸਾਂ ਸੋਚ ਵਿਚਾਰ ਕੇ ਵੇਖ ਲਿਆ ਜ਼ੁਲਮੀ-ਨਦੀ ਸਾਹਵੇਂ ਠਾਠਾਂ ਮਾਰ ਰਹੀ ਏ। ਕੋਈ ਆਕੇ ਇੱਥੇ ਕੁਰਬਾਨ ਹੋਵੇ ਸ਼ਹੀਦੀ ਚਿਹਰਾ ਲਾਲ ਕਰ ਮੂੰਹੋਂ ਲਲਕਾਰ ਰਹੀ ਏ।**

**13 ਅਪ੍ਰੈਲ 1978 ਨੂੰ ਭਾਈ ਫੌਜਾ ਸਿੰਘ ਦੀ ਅਗਵਾਈ ਵਿੱਚ ਨਿਰੰਕਾਰੀ ਮੁੱਖੀ ਵਲੋਂ ਕੀਤੀ ਜਾ ਰਹੀ ਬੇਅਦਬੀ ਨੂੰ ਰੋਕਣ ਲਈ ਖੂਨੀ ਸਾਕੇ ਵਿੱਚ ਸ਼ਹੀਦ ਹੋਏ ਸਿੰਘਾਂ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਅਤੇ ਇੰਨ੍ਹਾ ਸ਼ਹਾਦਤਾਂ ਤੋਂ ਪ੍ਰੇਰਨਾ ਲੈਂਦਿਆਂ ਖਾਲਿਸਤਾਨ ਦੀ ਸਥਾਪਤੀ ਲਈ ਵਚਨਬੱਧ ਹੋਈਏ।**

## ਪੰਥਕ ਜੱਥੇਬੰਦੀਆਂ ਜਰਮਨੀ

ਆਵਾਜ਼ਿ ਕੌਮ AWAZE QAUM International Newspaper & WEB TV

**ਸਿੱਖ ਫੈਡਰੇਸ਼ਨ ਜਰਮਨੀ, ਬੱਬਰ ਖਾਲਸਾ ਜਰਮਨੀ**
**ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਰਮਨੀ**
**ਇੰਟਰਨੈਸਨਲ ਸਿੱਖ ਫੈਡਰੇਸ਼ਨ ਜਰਮਨੀ**




ਦੇਸ਼ ਵਿਦੇਸ਼ ਵਿੱਚ ਵੱਸਦੀ ਸਮੂਹ ਸੰਗਤ ਨੂੰ ਫਸਲਾਂ ਅਤੇ ਨਸਲਾਂ ਦੀ ਰਾਖੀ ਲਈ ਪੰਥ ਅਤੇ ਪੰਜਾਬ ਨੂੰ ਬਚਾਉਣ ਲਈ ਅਕਾਲੀ ਦਲ ਵਾਰਿਸ ਪੰਜਾਬ ਦੇ ਵੱਲੋਂ 14 ਅਪ੍ਰੈਲ ਨੂੰ ਖ਼ਾਲਸਾ ਸਾਜਨਾਂ ਦਿਵਸ ਤੇ ਕੀਤੀ ਜਾ ਰਹੀ ਪੰਥਕ ਕਾਨ.ਫਰੰਸ ਵਿੱਚ ਤਖ਼ਤ ਸ੍ਰੀ ਦਮਦਮਾ ਸਾਹਿਬ ਪਹੁੰਚਣ ਦੀ ਪੁਰਜ਼ੋਰ ਅਪੀਲ।

**ਜਾਰੀ ਕਰਤਾ ★ ਸ਼ਮਸ਼ੇਰ ਸਿੰਘ ਪੱਧਰੀ ਮੀਡੀਆ ਇੰਚਾਰਜ ( ਪੰਜਾਬ ) ਅਕਾਲੀ ਦਲ ਵਾਰਿਸ ਪੰਜਾਬ ਦੇ**

## ਸ਼੍ਰੋਮਣੀ ਰਾਗੀ ਭਾਈ ਅਵਤਾਰ ਸਿੰਘ ਦਿੱਲੀ ਵਾਲਿਆਂ ਦੇ

# 100ਵੇਂ ਜਨਮ ਦਿਨ 'ਤੇ ਅੰਤਰ-ਰਾਸ਼ਟਰੀ ਸੈਮੀਨਾਰ ਆਯੋਜਿਤ




ਨਵੀਂ ਦਿੱਲੀ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਸ਼੍ਰੋਮਣੀ ਰਾਗੀ ਭਾਈ ਅਵਤਾਰ ਸਿੰਘ ਦਿੱਲੀ ਵਾਲਿਆਂ ਦੇ 100ਵੇਂ ਜਨਮਦਿਨ 'ਤੇ ਮਾਤਾ ਸੁੰਦਰੀ ਕਾਲਜ ਫਾਰ ਵਿਮਿਨ ਨਵੀਂ ਦਿੱਲੀ ਵਿਖੇ ਮਾਤਾ ਸਾਹਿਬ ਕੌਰ ਆਡੀਟੋਰੀਅਮ ਵਿਖੇ ਇੱਕ ਦਿਨਾ ਅੰਤਰ-ਰਾਸ਼ਟਰੀ ਸੈਮੀਨਾਰ ਭਾਈ ਸਾਹਿਬ ਦੇ ਜੀਵਨ, ਗੁਰਮਤਿ ਸੰਗੀਤ ਪ੍ਰਤੀ ਵਿਲੱਖਣ ਯੋਗਦਾਨ ਤੇ ਚਰਚਾ ਕਰਦਿਆਂ ਸੰਪੂਰਨ ਹੋਇਆ। ਇਸ ਅੰਤਰ ਰਾਸ਼ਟਰੀ ਸੈਮੀਨਾਰ ਦਾ ਆਯੋਜਨ ਨਾਦ ਮਿਊਜ਼ਿਕ ਇੰਸਟੀਚਿਊਟ ਯੂ.ਐਸ.ਏ. ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਮਾਤਾ ਸੁੰਦਰੀ ਕਾਲਜ ਵਿਮਨ ਦੇ ਸੰਗੀਤ ਵਿਭਾਗ ਦੇ ਸਾਂਝੇ ਯਤਨਾਂ ਨਾਲ ਕੀਤਾ ਗਿਆ। ਗੁਰਪੁਰਵਾਸੀ ਸ਼੍ਰੋਮਣੀ ਰਾਗੀ ਭਾਈ ਅਵਤਾਰ ਸਿੰਘ ਨੇ ਆਪਣੇ 80 ਸਾਲ ਜੀਵਨਕਾਲ ਵਿੱਚ 52 ਵਰ੍ਹੇ ਲਗਾਤਾਰ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਵਿੱਚ ਬਤੌਰ ਹਜ਼ੂਰੀ ਰਾਗੀ ਵੱਲੋਂ ਸੇਵਾਵਾਂ ਦਿੱਤੀਆਂ। ਸਮੁੱਚੇ ਸਿੱਖ ਜਗਤ ਨੇ ਉਨ੍ਹਾਂ ਵੱਲੋਂ ਗੁਰਮਤਿ ਸੰਗੀਤ ਦੀਆਂ ਗੁਰੂ ਸਾਹਿਬਾਨ ਵੱਲੋਂ ਚੱਲ ਰਹੀਆਂ ਪੁਰਤਨ ਰੀਤਾਂ ਦਾ ਕੀਰਤਨ ਸਰਵਣ ਕੀਤਾ। ਆਪਣੇ ਜੀਵਨ ਦੀਆਂ ਉਨ੍ਹਾਂ ਵੱਲੋਂ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਹਰ ਸ਼ਹੀਦੀ ਸਾਲ ਦੌਰਾਨ ਉਨ੍ਹਾਂ ਦੇ ਪਿਤਾ ਜੀ ਭਾਈ ਜਵਾਲਾ ਸਿੰਘ ਰਾਗੀ ਦੀ ਅਦੁੱਤੀ ਦੇਣ ਦਾ ਜ਼ਿਕਰ ਭਾਵਪੂਰਤ ਸ਼ਬਦਾਂ ਵਿੱਚ ਕੀਤਾ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਲਗਾਤਾਰ ਦਸ ਸਾਲਾਂ ਦੀ ਘਾਲਣਾ ਪਿੱਛੋਂ ਗੁਰਮਤਿ ਸੰਗੀਤ ਲਹੀ ਲਿਖੀ ਗਈ ਪੁਸਤਕ 'ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ' ਦੋ ਭਾਗਾਂ ਵਿੱਚ ਛਾਪ ਕੇ ਗੁਰਮਤਿ ਸੰਗੀਤ ਦੇ ਵਿਦਿਆਰਥੀਆਂ ਨੂੰ ਨਿਕਟ ਭਵਿੱਖ ਲਈ ਵੱਡੀ ਦੇਣ ਹੈ। ਭਾਈ ਸਾਹਿਬ ਗੁਰੂ ਅਮਰਦਾਸ ਜੀ ਵੱਲੋਂ ਸਥਾਪਤ 22 ਮੰਜੀਆਂ ਵਿੱਚੋਂ ਪ੍ਰਸਿੱਧ ਕੀਰਤਨੀਏ ਭਾਈ ਸਧਾਰਨ ਜੀ ਦੀ 11ਵੀਂ ਅੰਸ਼-ਵੰਸ਼ ਸਨ, ਭਾਈ ਸਾਹਿਬ ਦੇ ਸਪੁੱਤਰ ਭਾਈ ਕੁਲਤਾਰ ਸਿੰਘ ਹਜ਼ੂਰੀ ਰਾਗੀ ਗੁਰਦੁਆਰਾ ਸੀਸ ਗੰਜ ਸਾਹਿਬ, ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇਸ ਵਿਰਾਸਤ ਨੂੰ ਅੱਗੇ ਤੋਰ ਰਹੇ ਹਨ। ਇਸ ਸੈਮੀਨਾਰ ਦੇ ਰੂਹ-ਏ-ਰਵਾਂ ਭਾਈ ਕੁਲਤਾਰ ਸਿੰਘ, ਜੋ ਖ਼ੁਦ ਮਕੈਨੀਕਲ ਇੰਜੀਨੀਅਰ ਵਜੋਂ ਗੋਲਡ ਮੈਡਲਿਸਟ ਹਨ, ਨੇ ਆਪਣੇ ਪਿਤਾ ਭਾਈ ਅਵਤਾਰ ਸਿੰਘ ਰਾਗੀ ਅਤੇ ਗੁਰਚਰਨ ਸਿੰਘ ਰਾਗੀ ਵੱਲੋਂ ਜੀਵਨ ਕਾਲ ਦੌਰਾਨ ਪਾਏ ਯੋਗਤਾਨ ਨੂੰ ਯਾਦ ਕੀਤਾ। ਜੋ ਖ਼ੁਦ ਆਪਣੇ ਪਿਤਾ ਤੇ ਤਾਇਆ ਜੀ ਦੀਆਂ ਰੀਤਾਂ ਵਿੱਚ ਸ਼ਬਦਾਂ ਦਾ ਗਾਇਨ ਕਰਦੇ ਹਨ। 79 ਵਰ੍ਹੇ ਦੀ ਉਮਰ ਵਿੱਚ ਭਾਈ ਸਾਹਿਬ ਦੇ ਸਾਥੀ ਭਾਈ ਸਵਰਨ ਸਿੰਘ, ਜੋ ਖ਼ੁਦ ਅਜੇ ਵੀ ਤਬਲੇ 'ਤੇ ਸਾਥ ਦਿੰਦੇ ਹਨ, ਨੇ ਭਾਈ ਅਵਤਾਰ ਸਿੰਘ ਦੀਆਂ ਪੰਥਕ ਸੇਵਾਵਾਂ ਦਾ ਜ਼ਿਕਰ ਕੀਤਾ। ਸੈਮੀਨਾਰ ਦੇ ਪਹਿਲੇ ਸੈਸ਼ਨ ਵਿੱਚ ਕਾਲਜ ਦੀ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਤੋਂ ਇਲਾਵਾ ਬੁਲਾਰਿਆਂ ਵਿੱਚ ਭਾਈ ਕੁਲਤਾਰ ਸਿੰਘ, ਭਾਈ ਸਵਰਨ ਸਿੰਘ, ਭਾਈ ਸਾਹਿਬ ਦੀ ਬੇਟੀ ਬੀਬੀ ਜਸਵਿੰਦਰ ਕੌਰ ਆਸਟ੍ਰੇਲੀਆ, ਡਾ. ਮਨਜੀਤ ਸਿੰਘ ਨਾਦ ਮਿਊਜ਼ਿਕ ਯੂ.ਐਸ.ਏ., ਡਾ. ਜਸਪਾਲ ਸਿੰਘ ਸਾ. ਵਾਈਸ ਚਾਂਸਲਰ, ਪਦਮ ਭੂਸ਼ਨ ਸ. ਤਰਲੋਚਨ ਸਿੰਘ ਸਾ. ਐਮ. ਪੀ., ਦਿੱਲੀ ਕਮੇਟੀ ਵੱਲੋਂ ਜਨਰਲ ਸੈਕਟਰੀ ਜਗਦੀਪ ਸਿੰਘ ਕਾਹਲੋਂ, ਜਸਪ੍ਰੀਤ ਸਿੰਘ ਕਰਮਸਰ ਮੁਖੀ ਧਰਮ ਪ੍ਰਚਾਰ, ਭਾਈ ਰਣਜੀਤ ਸਿੰਘ ਹੈਡ ਗ੍ਰੰਥੀ ਗੁ. ਬੰਗਲਾ ਸਾਹਿਬ, ਡਾ. ਰਵੇਲ ਸਿੰਘ ਅਤੇ ਦੂਸਰੇ ਸੈਸ਼ਨ ਵਿੱਚ ਉੱਘੇ ਪੰਥਕ ਬੁਲਾਰੇ ਤੇ ਸਿੱਖ ਸਕਾਲਰ ਸ. ਭਗਵਾਨ ਸਿੰਘ ਜੌਹਲ ਨੇ ਭਾਈ ਸਾਹਿਬ ਦੀ ਅਮੀਰ ਗੁਰਮਤਿ ਵਿਰਾਸਤ ਤੇ ਵਿਸ਼ੇਸ਼ ਲੈਕਚਰ ਦਿੱਤਾ। ਸੰਗੀਤ ਨੂੰ ਵੱਡੀ ਦੇਣ ਵਾਲੇ ਭਾਈ ਬਲਦੀਪ ਦਿੱਲੀ ਲਾਲ ਫਾਊਂਡੇਸ਼ਨ ਵੱਲੋਂ ਹਰਭਜਨ ਸਿੰਘ ਅਤੇ ਸੰਗੀਤ ਵਿਭਾਗ ਦੀ ਮੁਖੀ ਡਾ. ਗੁਰਬਚਨ ਕੌਰ ਨੇ ਭਾਈ ਅਵਤਾਰ ਸਿੰਘ ਸੰਬੰਧੀ ਵਿਚਾਰਾਂ ਦੀ ਸਾਂਝ ਪਾਈ, ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚੋਂ ਗੁਰਮਤਿ ਸੰਗੀਤ ਨਾਲ ਪ੍ਰੇਮ ਕਰਨ ਵਾਲੇ ਪਤਵੰਤੇ ਹਾਜ਼ਰ ਸਨ।

**ਗੁਰਮਤਿ ਸੰਗੀਤ ਲਈ ਸਮੁੱਚਾ ਜੀਵਨ ਸਮਰਪਿਤ ਕਰਕੇ ਵੱਡੀਆਂ ਸੇਵਾਵਾਂ ਦਿੱਤੀਆਂ**

ਆਵਾਜ਼ਿ ਕੌਮ AWAZE QAUM International Newspaper & WEB TV

## ਗੁਰਦੁਆਰਾ ਬੰਗਲਾ ਸਾਹਿਬ 'ਚ ਲੈਂਟਰ ਦੀ

# ਕਾਰ ਸੇਵਾ 'ਚ ਹਜ਼ਾਰਾਂ ਸੰਗਤਾਂ ਹੋਈਆਂ ਸ਼ਾਮਲ



ਨਵੀਂ ਦਿੱਲੀ, 12 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ): ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਗਵਾਈ ਹੇਠ ਕਮੇਟੀ ਦੇ ਅਹੁਦੇਦਾਰਾਂ ਤੇ ਮੈਂਬਰਾਂ ਨੇ ਅੱਜ ਗੁਰਦੁਆਰਾ ਬੰਗਲਾ ਸਾਹਿਬ ਕੰਪਲੈਕਸ ਵਿਚ ਲੈਂਟਰ ਪਾਉਣ ਦੀ ਕਾਰ ਸੇਵਾ ਵਿਚ ਸ਼ਮੂਲੀਅਤ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ ਬਾਬਾ ਬਚਨ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਆਸ਼ੀਰਵਾਦ ਨਾਲ ਤੇ ਬਾਬਾ ਸੁਰਿੰਦਰ ਸਿੰਘ ਜੀ, ਬਾਬਾ ਸਤਨਾਮ ਸਿੰਘ ਜੀ ਤੇ ਬਾਬਾ ਰਵੀ ਸਿੰਘ ਜੀ ਦੀ ਅਗਵਾਈ ਹੇਠ ਇਹ ਕਾਰ ਸੇਵਾ ਚਲ ਰਹੀ ਹੈ ਜਿਸ ਵਿਚ ਦਿੱਲੀ ਦੀਆਂ ਸੰਗਤਾਂ ਵੱਧ ਚੜ੍ਹ ਕੇ ਉਤਸ਼ਾਹ ਨਾਲ ਸ਼ਮੂਲੀਅਤ ਕਰ ਰਹੇ ਹਨ। ਉਹਨਾਂ ਕਿਹਾ ਕਿ ਬਾਬਾ ਬਚਨ ਸਿੰਘ ਜੀ ਦੇ ਆਸ਼ੀਰਵਾਦ ਨਾਲ ਕਮੇਟੀ ਦੇ ਅਨੇਕਾਂ ਕਾਰਜਾਂ ਦੀ ਕਾਰ ਸੇਵਾ ਉਹਨਾਂ ਦੀ ਟੀਮ ਕਰ ਰਹੀ ਹੈ ਜਿਸ ਵਾਸਤੇ ਦਿੱਲੀ ਗੁਰਦੁਆਰਾ ਕਮੇਟੀ ਵੱਡਮੁੱਲਾ ਸਹਿਯੋਗ ਦੇ ਰਹੀ ਹੈ। ਉਹਨਾਂ ਕਿਹਾ ਕਿ ਇਹ ਗੁਰੂ ਸਾਹਿਬ ਦਾ ਆਸ਼ੀਰਵਾਦ ਹੈ ਕਿ ਸਾਨੂੰ ਇਸ ਕਾਰ ਸੇਵਾ ਵਿਚ ਯੋਗਦਾਨ ਪਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਹਨਾਂ ਕਿਹਾ ਕਿ ਗੁਰੂ ਘਰ ਵਿਚ ਕਾਰ ਸੇਵਾ ਵਿਚ ਹਿੱਸਾ ਲੈਣਾ ਵਡਭਾਗੇ ਲੋਕਾਂ ਦੇ ਹਿੱਸੇ ਆਉਂਦਾ ਹੈ। ਉਹਨਾਂ ਕਿਹਾ ਕਿ ਪਿਛਲੇ ਚਾਰ ਸਾਲਾਂ ਵਿਚ ਕਮੇਟੀ ਦੀ ਮੌਜੂਦਾ ਟੀਮ ਵੱਲੋਂ ਕੀਤੀ ਯੋਜਨਾਬੰਦੀ ਦੀ ਬਹੁਤ ਸਾਰੇ ਪ੍ਰਾਜੈਕਟ ਸਿਰੇ ਚੜ੍ਹੇ ਹਨ ਤੇ ਬਹੁਤ ਸਾਰੇ ਪ੍ਰਾਜੈਕਟਾਂ ਦੀ ਕਾਰ ਸੇਵਾ ਚਲ ਰਹੀ ਹੈ ਜੋ ਵੱਖ-ਵੱਖ ਪੜਾਅ 'ਤੇ ਹੈ। ਉਹਨਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਇਹ ਕੰਮ ਜਲਦੀ ਹੀ ਨੇਪਰੇ ਚੜ੍ਹਨਗੇ।

ਆਵਾਜ਼ਿ ਕੌਮ AWAZE QAUM International Newspaper & WEB TV

# ਬੇਅਦਬੀ ਕਾਨੂੰਨ ਦੀ ਆੜ ਵਿਚ ਸਰਕਾਰ ਗੋਲਡਨ ਆਫ਼ਸੇਟ ਪ੍ਰੈਸ ਨੂੰ ਆਪਣੇ ਗਲਬੇ ਹੇਠ ਲਿਆਉਣ ਦੀ ਚਲ ਰਹੀ ਚਾਲ: ਰਤਿੰਦਰ ਸਿੰਘ ਇੰਦੌਰ

## ਜੱਥੇਦਾਰ ਅਕਾਲ ਤਖਤ ਸਾਹਿਬ ਵਿਟੋ ਪਾਵਰ ਦਾ ਇਸਤੇਮਾਲ ਕਰਕੇ ਕਨੂੰਨ ਸੋਧ ਤੇ ਲਗਵਾਣ ਰੋਕ



ਨਵੀਂ ਦਿੱਲੀ 12 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਪੰਜਾਬ ਸਰਕਾਰ ਵਲੋਂ 2008 ਦੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਨੂੰਨ ਵਿਚ ਸੋਧ ਕਰਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਪਾਈ ਅਤੇ ਕਈ ਗੁਰੂਘਰਾਂ ਨੂੰ ਆਪਣੇ ਗਲਬੇ ਹੇਠ ਲਿਆਉਣ ਦੀ ਚਾਲ ਰਹੀ ਹੈ ਜ਼ੇਕਰ ਇਸਦਾ ਸਮੇਂ ਸਿਰ ਵਿਰੋਧ ਕਰਕੇ ਇਸ ਉਪਰ ਰੋਕ ਨਾ ਲਗਵਾਈ ਗਈ ਤਾਂ ਇਸਦੇ ਬਹੁਤ ਭਿਆਨਕ ਨਤੀਜੇ ਨਿਕਲ ਸਕਦੇ ਹਨ। ਇੰਨ੍ਹਾ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਿੱਖ ਚਿੰਤਕ ਸਰਦਾਰ ਰਤਿੰਦਰ ਸਿੰਘ ਇੰਦੌਰ ਨੇ ਕਿਹਾ ਸਤਿਕਾਰ ਕਨੂੰਨ 2008 ਵਿਚ ਐਸਜੀਪੀਸੀ ਦੀ ਨਿਗਰਾਨੀ ਹੇਠ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੁੰਦੀ ਛਪਾਈ ਅਤੇ ਵਿਤਰਣ ਵਿਚ ਕੋਤਾਹੀ ਹੋਣ ਤੇ ਓਹ ਮਾਮਲਾ ਐਸਜੀਪੀਸੀ ਪ੍ਰਬੰਧਕਾਂ ਰਾਹੀਂ ਸੁਲਝਾਇਆ ਜਾਂਦਾ ਸੀ ਪਰ ਪੰਜਾਬ ਸਰਕਾਰ ਵਲੋਂ ਇਸੇ ਕਾਨੂੰਨ ਵਿਚ ਸੋਧ ਕਰਦਿਆਂ ਗੋਲਡਨ ਆਫ਼ਸੇਟ ਪ੍ਰੈਸ, ਵਿਤਰਣ ਅਤੇ ਗੁਰੂਦੁਆਰਾ ਰਾਮਸਰ ਸਾਹਿਬ ਨੂੰ ਆਪਣੇ ਗਲਬੇ ਹੇਠ ਲਿਆਉਣ ਦੀ ਚਾਲ ਚਲੀ ਜਾ ਰਹੀ ਹੈ। ਉਨ੍ਹਾਂ ਕਿਹਾ ਜਦੋ ਪ੍ਰਿੰਟਿੰਗ ਪ੍ਰੈਸ ਸਰਕਾਰ ਅਧੀਨ ਚਲੀ ਜਾਏਗੀ ਤਾਂ ਓਹ ਲਗਾ ਮਾਤਰਾ ਦੀ ਗਲਤੀਆਂ ਜਿਨ੍ਹਾਂ ਲਈ ਐਸਜੀਪੀਸੀ ਦਾ ਪੈਨਲ ਖਾਸ ਤੌਰ ਤੇ ਨਿਗਰਾਨੀ ਕਰਦਾ ਹੈ, ਬੰਦ ਹੋ ਜਾਏਗੀ ਅਤੇ ਸਰਕਾਰ ਅਧੀਨ ਛਪਨ ਵਾਲੇ ਸਵਰੂਪਾਂ ਵਿਚ ਗਲਤੀਆਂ ਦੀ ਭਰਮਾਰ ਹੋਵੇਗੀ। ਉਨ੍ਹਾਂ ਕਿਹਾ ਸੋਧ ਕੀਤੇ ਜਾ ਰਹੇ ਕਾਨੂੰਨ ਵਿਚ ਬੇਅਦਬੀ ਦੀ ਪਰਿਭਾਸ਼ਾ ਸਾਫ ਨਹੀਂ ਕੀਤੀ ਗਈ ਹੈ ਅਤੇ ਦੇਸ਼ ਵਿਦੇਸ਼ ਦੇ ਸਿੱਖ ਬੁੱਧੀਜੀਵੀਆਂ, ਸਿੱਖ ਕਾਨੂੰਨੀ ਮਾਹਿਰ, ਸਿੱਖ ਚਿੰਤਕਾਂ ਨਾਲ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ ਗਿਆ ਹੈ। ਉਨ੍ਹਾਂ ਜੱਥੇਦਾਰ ਅਕਾਲ ਤਖਤ ਸਾਹਿਬ ਨੂੰ ਆਪਣੀ ਵਿਟੋ ਪਾਵਰ ਦਾ ਇਸਤੇਮਾਲ ਕਰਦਿਆਂ ਕਰਦਿਆਂ ਇਸ ਸੋਧ ਉਪਰ ਤੁਰੰਤ ਰੋਕ ਲਗਵਾਉਣ ਦੀ ਅਪੀਲ ਕੀਤੀ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

# ਦਸਮ ਪਾਤਸ਼ਾਹ ਵਲੋਂ ਖਾਲਸੇ ਦੀ ਕੀਤੀ ਗਈ ਸਿਰਜਣਾ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਛੋਹ ਰਹੀਆਂ ਹਨ ਨਿੱਤ-ਨਵੀਆਂ ਸਿਖਰਾਂ : ਭਾਈ ਭਿਓਰਾ, ਭਾਈ ਤਾਰਾ





ਨਵੀਂ ਦਿੱਲੀ 12 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- ਚੰਡੀਗੜ੍ਹ ਦੀ ਬੁੜੈਲ ਜੇਲ੍ਹ ਅੰਦਰ ਬੰਦ ਭਾਈ ਪਰਮਜੀਤ ਸਿੰਘ ਭਿਓਰਾ ਅਤੇ ਭਾਈ ਜਗਤਾਰ ਸਿੰਘ ਤਾਰਾ ਨੇ ਖਾਲਸਾ ਪੰਥ ਨੂੰ ਖਾਲਸਾ ਸਿਰਜਣਾ ਦਿਵਸ ਦੀ ਮੁਬਾਰਕਬਾਦ ਦੇਂਦਿਆ ਕਿਹਾ ਕਿ ਸ੍ਰੀ ਅਨੰਦਪੁਰ ਸਾਹਿਬ ਵਿਖੇ 1699 ਦੀ ਵਿਸਾਖੀ ਦੇ ਦਿਨ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਪੰਥ ਦੀ ਸਾਜਨਾ ਕਰ ਕੇ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਕ੍ਰਾਂਤੀਕਾਰੀ ਅਧਿਆਇ ਸਿਰਜ ਦਿੱਤਾ ਸੀ। ਇਹ ਦਿਹਾੜਾ ਅਨੋਖਾ ਨਜ਼ਾਰਾ ਪੇਸ਼ ਕਰਨ ਵਾਲਾ ਵੀ ਹੈ ਕਿਉਂਕਿ ਇਸ ਦਿਨ ਜਿਥੇ ਇੱਕ ਪਾਸੇ ਗੁਰੂ ਜੀ ਵੱਲੋਂ ਸਾਜੇ ਪੰਜ ਪਿਆਰੇ ਗੁਰੂ ਸਾਹਿਬ ਜੀ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰ ਕੇ ਨਿਹਾਲ ਹੋਏ, ਦੂਸਰੇ ਪਾਸੇ ਗੁਰੂ ਸਾਹਿਬ ਜੀ ਨੇ ਵੀ ਖ਼ਾਲਸੇ ਪਾਸੋਂ ਆਪ ਅੰਮ੍ਰਿਤਪਾਨ ਕਰ ਕੇ ਦੁਨੀਆ ਦੇ ਧਾਰਮਿਕ ਇਤਿਹਾਸ ਅੰਦਰ ਨਿਵੇਕਲੀ ਮਿਸਾਲ ਕਾਇਮ ਕੀਤੀ। ਇਸ ਨਾਲ ਗੁਰੂ ਤੇ ਚੇਲੇ ਦਾ ਅਜਿਹਾ ਨਵਾਂ ਰੂਪ ਸਾਹਮਣੇ ਆਇਆ ਜਿਸ ਵਿਚ ਗੁਰੂ-ਚੇਲੇ ਵਿਚ ਕੋਈ ਭਿੰਨ-ਭੇਦ ਨਹੀਂ ਹੈ। ਖ਼ਾਲਸਾ ਸਾਜਨਾ ਦਾ ਇਤਿਹਾਸ ਸਿੱਖ ਕੌਮ ਲਈ ਗੌਰਵਮਈ ਗਾਥਾ ਹੈ ਜਿਸ ਨਾਲ ਹਰ ਸਿੱਖ ਅੰਦਰ ਵਿਲੱਖਣ ਅਤੇ ਨਿਰਾਲੀ ਹੋਂਦ ਹਸਤੀ ਦਾ ਅਹਿਸਾਸ ਪੈਦਾ ਹੁੰਦਾ ਹੈ। ਖ਼ਾਲਸਾ ਆਦਰਸ਼ਕ ਮਨੁੱਖ ਹੈ ਜਿਸ ਦਾ ਜੀਵਨ ਸਮਾਜ ਲਈ ਪ੍ਰੇਰਨਾਮਈ ਹੋਣ ਦੇ ਨਾਲ-ਨਾਲ ਹੱਕ ਸੱਚ ਦੀ ਰਾਖੀ ਲਈ ਵੀ ਮਿਸਾਲੀ ਹੈ। ਖ਼ਾਲਸੇ ਦੀ ਘਾੜਤ ਵਿਚ ਦਸ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਸ਼ਾਮਲ ਹੈ। ਧਰਮ ਅਤੇ ਸਦਾਚਾਰ ਦੇ ਸੁਮੇਲ ਖ਼ਾਲਸੇ ਦੀ ਅਵਾਜ਼ ਹਮੇਸ਼ਾ ਹੀ ਹੱਕ ਤੇ ਸੱਚ ਲਈ ਉਠਦੀ ਹੈ। ਜਬਰ ਤੇ ਜ਼ੁਲਮ ਵਿਰੁੱਧ ਡਟਣਾ ਖ਼ਾਲਸੇ ਦਾ ਪਰਮ ਧਰਮ ਕਰਤੱਵ ਹੈ। ਬਾਣੀ ਅਤੇ ਬਾਣੇ ਦੇ ਧਾਰਨੀ ਹੋਣਾ, ਸਿੱਖ ਰਹਿਤ ਦੀ ਪਰਪੱਕਤਾ ਅਤੇ ਗੁਰਮਤਿ ਸਿਧਾਂਤਾਂ ਦੀ ਪਹਿਰੇਦਾਰੀ ਖ਼ਾਲਸਈ ਜੀਵਨ ਦਾ ਅਹਿਮ ਵਿਧਾਨ ਹੈ। ਇਸੇ ਰੌਸ਼ਨੀ ਵਿਚ ਜੀਵਨ ਜਿਊਣਾ ਹਰ ਸਿੱਖ ਦਾ ਫ਼ਰਜ਼ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖ਼ਿਸ਼ਸ਼ ਕੀਤੀ ਖੰਡੇ-ਬਾਟੇ ਦੀ ਪਾਹੁਲ ਛਕ ਕੇ ਖ਼ਾਲਸਈ ਰਹਿਣੀ ਦੇ ਧਾਰਨੀ ਬਣੀਏ ਕਿਉਂਕਿ ਆਪਣੇ ਇਤਿਹਾਸ ਅਤੇ ਵਿਰਸੇ ਤੋਂ ਟੁੱਟ ਕੇ ਕੋਈ ਵੀ ਆਪਣੀ ਪਛਾਣ ਨਾਲ ਅੱਗੇ ਨਹੀਂ ਵਧ ਸਕਦਾ। ਦਸਮੇਸ਼ ਪਿਤਾ ਜੀ ਨੇ ਖ਼ਾਲਸੇ ਦੀ ਸਿਰਜਣਾ ਕਰ ਕੇ ਸੰਸਾਰ ਨੂੰ ਸੰਤ-ਸਿਪਾਹੀ ਦਾ ਅਜਿਹਾ ਨਵੀਨ, ਸ਼ਕਤੀਸ਼ਾਲੀ ਤੇ ਵਿਲੱਖਣ ਜੀਵਨ-ਸਿਧਾਂਤ ਦਿੱਤਾ ਜਿਹੜਾ ਹੁਣ ਤਕ ਸ਼ਹਾਦਤਾਂ ਤੇ ਕੁਰਬਾਨੀਆਂ ਦੀਆਂ ਨਿੱਤ-ਨਵੀਆਂ ਸਿਖਰਾਂ ਛੋਹ ਰਿਹਾ ਹੈ। ਅੰਤ ਵਿਚ ਉਨ੍ਹਾਂ 13 ਅਪ੍ਰੈਲ 1978 ਨੂੰ ਅਖੰਡ ਕੀਰਤਨੀ ਜਥੇ ਅਤੇ ਦਮਦਮੀ ਟਕਸਾਲ ਦੇ ਸਿੰਘਾਂ ਨੇ ਭਾਈ ਫੌਜਾ ਸਿੰਘ ਦੀ ਅਗਵਾਈ ਵਿੱਚ ਨਿਰੰਕਾਰੀ ਮੁੱਖੀ ਵਲੋਂ ਕੀਤੀ ਜਾ ਰਹੀ ਬੇਅਦਬੀ ਨੂੰ ਰੋਕਣ ਲਈ ਖ਼ੂਨੀ ਸਾਕੇ ਵਿੱਚ ਸ਼ਹੀਦ ਹੋਏ ਸਮੂਹ ਸਿੰਘਾਂ ਦੀ ਸ਼ਹਾਦਤ ਨੂੰ ਕੋਟਿ ਕੋਟਿ ਪ੍ਰਣਾਮ ਕਰਦਿਆਂ ਉਨ੍ਹਾਂ ਦੀਆਂ ਸ਼ਹਾਦਤਾਂ ਪ੍ਰੇਰਨਾ ਲੈਂਦਿਆਂ ਚਲ ਰਹੇ ਮੌਜੂਦਾ ਸੰਘਰਸ਼ ਦੇ ਰਾਹਗੀਰ ਬਣਨ ਦੀ ਅਪੀਲ ਕੀਤੀ।

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

### ਸ਼੍ਰੀ ਗੁਰੂ ਹਰਗੋਬਿੰਦ ਪਬਲਿਕ ਸਕੂਲ, ਵੈਰੋ ਨੰਗਲ ਵਿੱਚ

# ਵਿਸਾਖੀ ਦਾ ਤਿਉਹਾਰ ਬੜ੍ਹੇ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ

ਚੌਕ ਮਹਿਤਾ,12 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)ਇਸ ਮੌਕੇ ਸਕੂਲ ਵਿੱਚ ਰੰਗ-ਬਰੰਗੇ ਪ੍ਰੋਗਰਾਮ ਆਯੋਜਿਤ ਕੀਤੇ ਗਏ ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਭੰਗੜਾ, ਗਿੱਧਾ ਅਤੇ ਧਾਰਮਿਕ ਸ਼ਬਦ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਇਸ ਸਮਾਗਮ ਵਿੱਚ ਸਕੂਲ ਦੇ ਡਾਇਰੈਕਟਰ ਨਰਿੰਦਰ ਸਿੰਘ ਬਾਠ, ਰਾਜਵੰਤ ਕੌਰ ਬਾਠ ਅਤੇ ਪ੍ਰਿੰਸੀਪਲ ਸਾਖਸ਼ੀ ਬੇਦੀ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ। ਇਸ ਦੇ ਨਾਲ ਹੀ ਮੈਡਮ ਜਸਪਿੰਦਰ ਕੌਰ, ਮੈਡਮ ਬਲਜੀਤ ਕੌਰ, ਮੈਡਮ ਹਰਪ੍ਰੀਤ ਕੌਰ ਬਾਠ, ਮੈਡਮ ਰਾਜਬੀਰ ਕੌਰ, ਮੈਡਮ ਮਨਜੀਤ ਕੌਰ, ਜਸ਼ਨਪ੍ਰੀਤ ਕੌਰ, ਪਰਦੀਪ ਕੌਰ, ਰਮਨਦੀਪ ਕੌਰ, ਕੋਚ ਜੁਗਰਾਜ ਸਿੰਘ, ਅਰਸ਼ਦੀਪ ਕੌਰ ਅਤੇ ਹਰਪ੍ਰੀਤ ਕੌਰ ਨੱਤ ਅਤੇ ਰਮਨਪ੍ਰੀਤ ਕੌਰ ਵੀ ਮੌਜੂਦ ਰਹੇ। ਪ੍ਰਿੰਸੀਪਲ ਸਾਖਸ਼ੀ ਬੇਦੀ ਨੇ ਵਿਦਿਆਰਥੀਆਂ ਨੂੰ ਵਿਸਾਖੀ ਦੇ ਇਤਿਹਾਸ ਅਤੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਅਤੇ ਸਭ ਨੂੰ ਇਸ ਤਿਉਹਾਰ ਦੀਆਂ ਵਧਾਈਆਂ ਦਿੱਤੀਆਂ। ਡਾਇਰੈਕਟਰ ਨਰਿੰਦਰ ਸਿੰਘ ਬਾਠ ਨੇ ਵਿਦਿਆਰਥੀਆਂ ਨੂੰ ਆਪਣੀ ਸੰਸਕ੍ਰਿਤੀ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਅੰਤ ਵਿੱਚ ਸਮਾਗਮ ਦਾ ਸਮਾਪਨ ਧੰਨਵਾਦੀ ਸ਼ਬਦਾਂ ਨਾਲ ਕੀਤਾ ਗਿਆ ਅਤੇ ਸਭ ਨੇ ਮਿਲ ਕੇ ਵਿਸਾਖੀ ਦੇ ਇਸ ਪਵਿੱਤਰ ਤਿਉਹਾਰ ਨੂੰ ਖ਼ੁਸ਼ੀ ਨਾਲ ਮਨਾਇਆ।









ਆਵਾਜ਼ਿ ਕੌਮ AWAZE QAUM International Newspaper & WEB TV











ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਖੁਸ਼ਬਾਜ ਸਿੰਘ ਜਟਾਣਾ ਦੀ ਅੰਤਿਮ ਅਰਦਾਸ ਮੌਕੇ ਉਮੜਿਆ ਜਨਸੈਲਾਬ

# ਵੱਖ-ਵੱਖ ਰਾਜਨੀਤਿਕ ਆਗੂਆਂ ਵੱਲੋਂ ਭਾਵੁਕ ਸ਼ਰਧਾਂਜਲੀ

## ਹਜ਼ਾਰਾਂ ਲੋਕਾਂ, ਸਮਾਜ ਸੇਵੀਆਂ, ਧਾਰਮਿਕ ਸ਼ਖਸੀਅਤਾਂ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਪ੍ਰਮੁੱਖ ਨੇਤਾਵਾਂ ਨੇ ਹਾਜ਼ਰੀ ਭਰਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ



















ਤਲਵੰਡੀ ਸਾਬੋ, 12 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਹਲਕਾ ਤਲਵੰਡੀ ਸਾਬੋ ਦੇ ਪਿੰਡ ਭਾਗੀਵਾਂਦਰ ਦੀ ਦਾਣਾ ਮੰਡੀ ਅੱਜ ਉਸ ਵੇਲੇ ਗਮਗੀਨ ਮਾਹੌਲ ਵਿੱਚ ਡੁੱਬ ਗਈ, ਜਦੋਂ ਕਾਂਗਰਸ ਪਾਰਟੀ ਦੇ ਦਿੱਗਜ ਤੇ ਲੋਕਪ੍ਰਿਯ ਆਗੂ ਖੁਸ਼ਬਾਜ ਸਿੰਘ ਜਟਾਣਾ ਦੀ ਅੰਤਿਮ ਅਰਦਾਸ ਮੌਕੇ ਭੋਗ ਸਮਾਗਮ ਅਤਿ ਸ਼ਰਧਾ ਨਾਲ ਕਰਵਾਇਆ ਗਿਆ।ਇਸ ਮੌਕੇ ਇਲਾਕੇ ਦੇ ਹਜ਼ਾਰਾਂ ਲੋਕਾਂ, ਸਮਾਜ ਸੇਵੀਆਂ, ਧਾਰਮਿਕ ਸ਼ਖਸੀਅਤਾਂ ਅਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਪ੍ਰਮੁੱਖ ਨੇਤਾਵਾਂ ਨੇ ਹਾਜ਼ਰੀ ਭਰਕੇ ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਦੁਖੀ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਸਮਾਗਮ ਦੌਰਾਨ ਹਰ ਅੱਖ ਨਮ ਸੀ ਅਤੇ ਮਾਹੌਲ ਪੂਰੀ ਤਰ੍ਹਾਂ ਸੋਗ ਵਿੱਚ ਡੁੱਬਿਆ ਹੋਇਆ ਦਿਖਾਈ ਦਿੱਤਾ। ਇਸ ਮੌਕੇ ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ, ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ, ਪੰਜਾਬ ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਵੱਖ-ਵੱਖ ਰਾਜਾਂ ਤੋਂ ਸੀਨੀਅਰ ਆਗੂ ਖਾਸ ਤੌਰ 'ਤੇ ਪਹੁੰਚੇ। ਇਸ ਤੋਂ ਇਲਾਵਾ ਵੱਖ-ਵੱਖ ਖੇਤਰਾਂ ਤੋਂ ਆਏ ਆਗੂਆਂ ਅਤੇ ਵੱਡੀ ਗਿਣਤੀ ਵਿੱਚ ਆਮ ਲੋਕਾਂ ਨੇ ਵੀ ਸ਼ਿਰਕਤ ਕੀਤੀ।ਆਪਣੇ ਸੰਬੋਧਨਾਂ ਦੌਰਾਨ ਆਗੂਆਂ ਨੇ ਕਿਹਾ ਕਿ ਖੁਸ਼ਬਾਜ ਸਿੰਘ ਜਟਾਣਾ ਇੱਕ ਨਿਡਰ, ਇਮਾਨਦਾਰ ਅਤੇ ਲੋਕਾਂ ਦੇ ਹੱਕਾਂ ਲਈ ਹਮੇਸ਼ਾਂ ਅੱਗੇ ਰਹਿਣ ਵਾਲੇ ਆਗੂ ਸਨ। ਉਨ੍ਹਾਂ ਨੇ ਆਪਣੀ ਰਾਜਨੀਤਿਕ ਜ਼ਿੰਦਗੀ ਦੌਰਾਨ ਹਮੇਸ਼ਾਂ ਆਮ ਲੋਕਾਂ ਦੀ ਭਲਾਈ ਲਈ ਕੰਮ ਕੀਤਾ ਅਤੇ ਹਲਕੇ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਦੀ ਅਚਾਨਕ ਮੌਤ ਨਾਲ ਨਾ ਸਿਰਫ਼ ਪਰਿਵਾਰ, ਸਗੋਂ ਪੂਰੇ ਇਲਾਕੇ ਅਤੇ ਕਾਂਗਰਸ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਕੇਂਦਰੀ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਇਸ ਮੌਕੇ ਕਿਹਾ ਕਿ ਇਹ ਘਟਨਾ ਬਹੁਤ ਹੀ ਦੁਖਦਾਈ ਹੈ ਅਤੇ ਜੇਕਰ ਪਰਿਵਾਰ ਚਾਹੁੰਦਾ ਹੈ ਤਾਂ ਸੜਕ ਹਾਦਸੇ ਦੀ ਉੱਚ ਪੱਧਰੀ ਅਤੇ ਨਿਰਪੱਖ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਨੇ ਭਰੋਸਾ ਦਿੱਤਾ ਕਿ ਪਰਿਵਾਰ ਨੂੰ ਇਨਸਾਫ ਦਿਵਾਉਣ ਲਈ ਹਰ ਸੰਭਵ ਯਤਨ ਕੀਤਾ ਜਾਵੇਗਾ। ਇਸੇ ਦੌਰਾਨ ਅਮਰਿੰਦਰ ਸਿੰਘ ਰਾਜਾ ਬੜਿੰਗ ਅਤੇ ਪ੍ਰਤਾਪ ਸਿੰਘ ਬਾਜਵਾ ਨੇ ਭਾਵੁਕ ਹੋ ਕੇ ਕਿਹਾ ਕਿ ਇਸ ਦੁੱਖ ਦੀ ਘੜੀ ਵਿੱਚ ਪੂਰੀ ਕਾਂਗਰਸ ਪਾਰਟੀ ਪਰਿਵਾਰ ਦੇ ਨਾਲ ਖੜੀ ਹੈ ਅਤੇ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੈ। ਚਰਨਜੀਤ ਸਿੰਘ ਚੰਨੀ ਅਤੇ ਮਨਪ੍ਰੀਤ ਸਿੰਘ ਬਾਦਲ ਨੇ ਵੀ ਕਿਹਾ ਕਿ ਜਟਾਣਾ ਇੱਕ ਸੱਚੇ ਜਨ ਸੇਵਕ ਸਨ, ਜਿਨ੍ਹਾਂ ਦੀ ਕਮੀ ਕਦੇ ਪੂਰੀ ਨਹੀਂ ਹੋ ਸਕਦੀ ਅਤੇ ਉਹ ਹਮੇਸ਼ਾਂ ਲੋਕਾਂ ਦੇ ਦਿਲਾਂ ਵਿੱਚ ਜ਼ਿੰਦਾ ਰਹਿਣਗੇ। ਭੋਗ ਸਮਾਗਮ ਦੌਰਾਨ ਗੁਰਬਾਣੀ ਕੀਰਤਨ ਅਤੇ ਅਰਦਾਸ ਕੀਤੀ ਗਈ। ਹਾਜ਼ਰ ਸੰਗਤਾਂ ਨੇ ਪਰਮਾਤਮਾ ਅੱਗੇ ਅਰਦਾਸ ਕੀਤੀ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖ਼ਸ਼ੇ ਅਤੇ ਪਰਿਵਾਰ ਨੂੰ ਇਹ ਅਸਹਿਣ ਦੁੱਖ ਸਹਿਣ ਦੀ ਤਾਕਤ ਦੇਵੇ। ਅੰਤ ਵਿੱਚ ਮੌਕੇ ਉਨ੍ਹਾਂ ਦੇ ਪੁੱਤਰ ਨੂੰ ਪਗੜੀ ਦੀ ਰਸਮ ਅਦਾ ਕੀਤੀ ਗਈ, ਜਿਸ ਦੌਰਾਨ ਮਾਹੌਲ ਹੋਰ ਵੀ ਗਮਗੀਨ ਹੋ ਗਿਆ ਅਤੇ ਹਾਜ਼ਰ ਸੰਗਤਾਂ ਵੱਲੋਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ। ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਹਰਿਆਣਾ ਦੇ ਪਾਣੀਪਤ ਨੇੜੇ ਵਾਪਰੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਖੁਸ਼ਬਾਜ ਸਿੰਘ ਜਟਾਣਾ ਦਾ ਅਚਾਨਕ ਦੇਹਾਂਤ ਹੋ ਗਿਆ ਸੀ, ਜਿਸ ਨਾਲ ਪੂਰੇ ਖੇਤਰ ਵਿੱਚ ਸ਼ੋਕ ਦੀ ਲਹਿਰ ਦੌੜ ਗਈ। ਉਨ੍ਹਾਂ ਦੇ ਜਾਣ ਨਾਲ ਇਕ ਐਸੀ ਕਮੀ ਪੈਦਾ ਹੋ ਗਈ ਹੈ, ਜਿਸਨੂੰ ਲੰਮੇ ਸਮੇਂ ਤੱਕ ਮਹਿਸੂਸ ਕੀਤਾ ਜਾਂਦਾ ਰਹੇਗਾ।

ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

### ਸੰਤ ਬਾਬਾ ਗੁਰਬਖਸ਼ ਸਿੰਘ ਖਾਲਸਾ ਅਕੈਡਮੀ ਜੱਬੋਵਾਲ ਵਿਚ

# ਗੁਰਮਤਿ ਵਿਦਿਆ ਨਾਲ ਰਾਸ਼ਨ ਵੀ ਵੰਡਿਆ






**ਬਾਬਾ ਬਕਾਲਾ ਸਾਹਿਬ. 12 ਅਪੈਲ ( ਕੁਲਵੰਤ ਸਿੰਘ ਵਿਰਦੀ** -ਨੈਸ਼ਨਲ ਹਾਈਵੇ ਤੋਂ ਥੋੜ੍ਹੀ ਦੂਰੀ ਜਬੋਵਾਲ ਰੋਡ ਤੇ ਸਥਿਤ ਸੰਤ ਬਾਬਾ ਗੁਰਬਖਸ਼ ਸਿੰਘ ਜੀ ਖਾਲਸਾ ਜਬੋਵਾਲ ਅਕੈਡਮੀ ਵੱਲੋਂ ਬੇ- ਸਹਾਰਿਆ ਦਾ ਸਹਾਰਾ ਬਣਕੇ ਹਰ ਮਹੀਨੇ ਦੀ ਤਰਾਂ ਇਸ ਮਹੀਨੇ ਵੀ 125 ਦੇ ਕਰੀਬ ਰਾਸ਼ਣ ਵੰਡਿਆ ਗਿਆ । ਇਸ ਅਕੈਡਮੀ ਵੱਲੋਂ ਲੋੜਵੰਦ ਬੱਚਿਆਂ ਦੀ ਪੜਾਈ ਅਤੇ ਗਰੀਬ ਪਰਿਵਾਰਾਂ ਦੀ ਬਾਂਹ ਫੜੀ ਜਾਂਦੀ ਹੈ, ਹਰ ਮਹੀਨ ਦੀ ਤਰ੍ਹਾਂ ਇਸ ਵਾਰ ਵੀ ਅਕੈਡਮੀ ਵੱਲੋਂ ਗਰੀਬ ਪਰਿਵਾਰਾਂ ਲੋੜਵੰਦ ਪਰਿਵਾਰਾਂ, ਅਤੇ ਜਿਨਾਂ ਦਾ ਕੋਈ ਕਮਾਈ ਦਾ ਸਾਧਨ ਨਹੀਂ ਹੈ ਉਨ੍ਹਾਂ ਪਰਿਵਾਰਾਂ ਨੂੰ ਰਾਸ਼ਨ ਵੰਡਿਆ ਗਿਆ । ਇਸ ਮੌਕੇ ਤੇ ਅਕੇਡਮੀ ਦੇ ਸੰਚਾਲਕ ਸੰਤ ਬਾਬਾ ਮਲਕੀਤ ਸਿੰਘ ਅਤੇ ਗਿਆਨੀ ਤੇਜਬੀਰ ਸਿੰਘ ਭਲਾਈਪੁਰ ਕਨੇਡਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਪਹਿਲ ਕਦਮੀ ਅਤੇ ਸੇਵਾ ਦੀ ਆਰੰਭਤਾ 2013 ਤੋਂ ਸ਼ੁਰੂ ਕੀਤੀ ਸੀ ਰਾਸ਼ਨ ਅਸੀਂ ਪਹਿਲਾਂ ਪੰਜ ਪਰਿਵਾਰਾਂ ਵਿੱਚ ਵੰਡਿਆ ਇਹ ਉਹ ਪਰਿਵਾਰ ਸਨ ਜਿਨਾਂ ਦੇ ਕਮਰੇ ਵੀ ਕੱਚੇ ਸਨ ਅਤੇ ਕਮਾਈ ਦਾ ਕੋਈ ਸਾਧਨ ਨਹੀਂ ਸੀ ਜਾਂ ਜਿਨਾ ਪਰਿਵਾਰਾਂ ਵਿੱਚ ਕਮਾਉਣ ਵਾਲਾ ਕੋਈ ਆਦਮੀ ਨਹੀਂ ਸੀ,ਉਹਨਾਂ ਪਰਿਵਾਰਾਂ ਤੋਂ ਆਰੰਭਤਾ ਕੀਤੀ। ਅਤੇ ਸਰਕਾਰ ਵੱਲੋਂ ਉਨਾਂ ਪਰਿਵਾਰਾਂ ਦੇ ਰਾਸ਼ਨ ਕਾਰਡ ਵੀ ਕੱਟੇ ਹੋਏ ਸਨ। ਇਸ ਮੌਕੇ ਤੇ ਬਾਬਾ ਜੀ ਨੇ ਦੱਸਿਆ ਕਿ ਅਸੀਂ ਰਾਸ਼ਨ ਦੇ ਨਾਲ ਨਾਲ ਇਹ ਵੀ ਸੋਚਿਆ ਕਿ ਇਹਨਾਂ ਦੇ ਬੱਚਿਆਂ ਨੂੰ ਅਕੈਡਮੀ ਵਿੱਚ ਹੀ ਰੱਖਿਆ ਜਾਵੇ ਅਤੇ ਉਹਨਾਂ ਨੂੰ ਦੁਨਿਆਵੀ ਵਿਦਿਆ ਦੇ ਨਾਲ ਨਾਲ ਗੁਰਮਤਿ ਨਾਲ ਵੀ ਜੋੜਿਆ ਜਾਵੇ । ਤਾਂ ਜੋ ਬੱਚੇ ਪੜ ਲਿਖ ਸਕਣ ਅਤੇ ਗੁਰਬਾਣੀ ਨਾਲ ਜੁੜਨ ਅਤੇ ਆਪਣੇ ਪੈਰਾਂ ਤੇ ਸਟੈਂਡ ਹੋ ਕੇ ਆਪਣੀ ਰੋਜ਼ੀ ਰੋਟੀ ਕਮਾ ਸਕਣ। ਇਸ ਸਮੇਂ ਖਾਲਸਾ ਅਕੈਡਮੀ ਵਿੱਚ ਬੱਚਿਆਂ ਦੀ ਪੜ੍ਹਾਈ ਵੀ ਫਰੀ ਹੈ ਅਤੇ ਉਹਨਾਂ ਨੂੰ ਗੁਰਮਤਿ ਦੀ ਸੰਥਿਆ ਵੀ ਦਿੱਤੀ ਜਾ ਰਹੀ ਹੈ ਅਤੇ ਉਹਨਾਂ ਨੂੰ ਸਵੇਰ ਤੋਂ ਲੈ ਕੇ ਸ਼ਾਮ ਤੱਕ ਗੁਰਬਾਨੀ ਨਾਲ ਵੀ ਜੋੜਿਆ ਜਾਂਦਾ ਹੈ। ਅਤੇ ਇੱਥੇ ਬੱਚਿਆਂ ਨੂੰ ਬਾਕਸਿੰਗ ਦੀ ਸਿਖਾਈ ਜਾਂਦੀ ਹੈ ਅਤੇ ਹੋਰ ਖੇਡਾਂ ਬਾਰੇ ਵੀ ਜਾਗਰਿਤ ਕੀਤਾ ਜਾਂਦਾ ਹੈ। ਅਕੈਡਮੀ ਦੇ ਪ੍ਰਿੰਸੀਪਲ ਸਾਹਿਬ ਵੀ ਬਹੁਤ ਹੀ ਕਾਬਲੀਅਤ ਇਨਸਾਨ ਹਨ। ਇੱਥੇ ਬੱਚਿਆਂ ਨੂੰ ਸ਼ਾਮ ਦੇ ਟਾਈਮ ਤੇ ਕਥਾ ਕੀਰਤਨ ਅਤੇ ਗੁਰਬਾਣੀ ਦੀ ਸੰਥਿਆ ਵੀ ਦਿੱਤੀ ਜਾਂਦੀ ਹੈ। ਅਤੇ ਬੱਚਿਆਂ ਨੂੰ ਤਬਲਾ ਹਾਰਮੋਨੀਅਮ ਵੀ ਸਿਖਾਇਆ ਜਾਂਦਾ ਹੈ। ਇਹ ਦੱਸਣ ਯੋਗ ਹੈ ਕਿ ਇਹ ਅਕੈਡਮੀ ਦੇ ਸਿੰਘ ਸਮੇਂ ਸਮੇਂ ਤੇ ਪੰਜਾਬ ਤੇ ਆਈਆਂ ਮੁਸੀਬਤਾਂ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ ਜਿਵੇਂ ਕਿਸਾਨ ਮੋਰਚੇ ਵਿੱਚ ਵੀ ਇਹਨਾਂ ਦਾ ਅਹਿਮ ਯੋਗਦਾਨ ਰਿਹਾ ਉੱਥੇ ਵੀ ਇਹਨਾਂ ਲੰਗਰ ਦੀ ਸੇਵਾ ਨਿਭਾਈ ਅਤੇ ਹੁਣ ਹੜ ਪੀੜਤਾਂ ਵਾਸਤੇ ਵੀ ਲਗਾਤਾਰ ਨਿਰੰਤਰ ਸੇਵਾ ਇਹਨਾਂ ਦੀ ਜਾਰੀ ਹੈ ਅਤੇ ਇਹਨਾਂ ਦੇ ਸੇਵਾਦਾਰ ਬਹੁਤ ਹੀ ਤਨ ਮਨ ਧਨ ਨਾਲ ਆਪਣੀ ਸੇਵਾ ਕਰ ਰਹੇ ਹਨ ਇੱਥੇ ਸੰਤ ਬਾਬਾ ਮਲਕੀਤ ਸਿੰਘ ਖਾਲਸਾ ਜੀ ਅਤੇ ਗਿਆਨੀ ਤੇਜਬੀਰ ਸਿੰਘ ਭਲਾਈਪੁਰ ਕਨੇਡਾ ਨੇ ਦੱਸਿਆ ਕਿ 2014 ਤੋਂ ਲੈ ਕੇ 2025 ਤੱਕ ਹੁਣ ਲਗਭਗ 125 ਪਰਿਵਾਰਾਂ ਨੂੰ ਹਰ ਮਹੀਨੇ ਰਾਸ਼ਨ ਮੁਹਈਆ ਕਰਵਾਇਆ ਜਾ ਰਿਹਾ ਹੈ। ਇਹ ਰਾਸਨ ਵੰਡਣ ਤੋਂ ਪਹਿਲਾਂ ਸੰਗਤ ਨੂੰ ਦੋ ਘੰਟੇ 9 ਤੋਂ 11 ਵਜੇ ਤੱਕ ਨਾਮ ਵੀ ਜਪਾਇਆ ਜਾਂਦਾ ਹੈ ਇਸ ਮੌਕੇ ਤੇ ਮੁੱਖ ਸੇਵਾਦਾਰ ਸੰਤ ਬਾਬਾ ਮਲਕੀਤ ਸਿੰਘ ਖਾਲਸਾ,ਭਾਈ ਸੁਖਚੈਨ ਸਿੰਘ ਗਿਆਨੀ ਤੇਜ ਬੀਰ ਸਿੰਘ ਭਲਾਈਪੁਰ ( ਕਨੇਡਾ), ਪ੍ਰਿੰਸੀਪਲ ਸੁਰਿੰਦਰਜੀਤ ਸਿੰਘ ਜਸਪਾਲ ਸਿੰਘ ਟੋਮਾ, ਸੁਖਦੇਵ ਸਿੰਘ ਗੁਰਬਾਜ ਸਿੰਘ ਬਾਜ,ਗੁਰਪਿੰਦਰ ਸਿੰਘ ਆਦਿ ਸੇਵਾਦਾਰ ਹਾਜਰ ਸਨ।

### .ਫੋਰਮ ਆ.ਫ ਰਿਟਾਇਰਡ ਡਿਪਲੋਮਾ ਇੰਜੀਨੀਅਜ ਨੇ ਪੰਜਾਬ ਸਰਕਾਰ ਤੋਂ

# ਮੁਲਾਜ਼ਮਾਂ ਦੇ ਬਕਾਇਆਂ ਦਾ ਜਲਦੀ ਨਿਪਟਾਰਾ ਕਰਨ ਦੀ ਕੀਤੀ ਮੰਗ : ਇੰਜ ਦਲਜੀਤ ਸਿੰਘ ਕੋਹਲੀ



**ਚੌਕ ਮਹਿਤਾ, 12 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ)**- ਫੋਰਮ ਆਫ ਰੀਟਾਇਡ ਡਿਪਲੋਮਾ ਇੰਜਨੀਅਰ ਅੰਮ੍ਰਿਤਸਰ , ਤਰਨ ਤਾਰਨ, ਫੋਰਡ ਦੀ ਮਹੀਨਾਵਾਰ ਮੀਟਿੰਗ ਹੋਈ। ਇੰਜ ਦਲਜੀਤ ਸਿੰਘ ਕੋਹਲੀ ਨੇ ਦਸਿਆ ਕਿ ਮੀਟਿੰਗ ਬੜੇ ਸਦਭਾਵਨਾ ਭਰੇ ਮਹੌਲ ਵਿੱਚ ਹੋਈ। ਮੀਟਿੰਗ ਦੀ ਸ਼ੁਰੂਆਤ ਵਿਛੜ ਚੁੱਕੇ ਸਾਥੀਆਂ,ਇੰਜ ਹਰਭਜਨ ਸਿੰਘ ਸਾਂਦਾ ਇੰਜ. ਇੰਦਰਜੀਤ ਸ਼ਰਮਾ ਚੰਡੀਗੜ, ਇੰਜ ਨੱਥੂ ਰਾਮ ਸਿੰਗਲਾ ਮੁਹਾਲੀ, ਇੰਜ ਸਤਨਾਮ ਸਿੰਘ ਅੰਮ੍ਰਿਤਸਰ ਅਤੇ ਸ੍ਰੀ ਮਤੀ ਕੁਲਵੰਤ ਕੌਰ ਪਤਨੀ ਇੰਜ.ਹਰਜੀਤ ਸਿੰਘ ਲੋਕ ਨਿਰਮਾਣ ਵਿਭਾਗ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਅਰਪਿਤ ਕੀਤੀ ਗਈ। ਇੰਜ ਕੁਲਦੀਪ ਸਿੰਘ ਬੋਪਾਰਾਏ ਨੇ ਅੱਜ ਦੀ ਇਕੱਤਰਤਾ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾ ਦਾ ਬਣਦਾ ਡੀ ਏ ਦਾ ਬਕਾਇਆ 30 ਜੂਨ ਤੱਕ ਦੇਣ ਸਬੰਧੀ ਆਏ ਫ਼ੈਸਲੇ ਉੱਪਰ ਤਸੱਲੀ ਪਰਗਟ ਕੀਤੀ ਗਈ। ਮੈਂਬਰਾਨ ਵਲੋਂ ਮੰਗ ਕੀਤੀ ਗਈ ਕਿ ਸਰਕਾਰ ਹਾਈਕੋਰਟ ਦੇ ਫੈਸਲੇ ਨੂੰ ਇੰਨ ਬਿੰਨ ਲਾਗੂ ਕਰੇ। ਇਸ ਸਬੰਧੀ ਫੈਸਲਾ ਕੀਤਾ ਗਿਆ ਤਾਂ ਜੋ ਪੈਨਸ਼ਨਰਾ ਨੂੰ ਉਹਨਾਂ ਦਾ ਬਣਦਾ ਹੱਕ ਸਮੇਂ ਸਿਰ ਮਿਲ ਸਕੇ ਕਿਉਂਕਿ ਉਮਰ ਦੇ ਤਕਾਜ਼ੇ ਨਾਲ ਸਾਡੇ ਕਈ ਸਾਥੀ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ ਛੇਵੇਂ ਪੇ ਕਮਿਸ਼ਨ ਦਾ ਬਕਾਇਆ ਜਲਦੀ ਦੇਣ ਲਈ ਸਟੇਟ ਕਾਰਜਕਾਰਨੀ ਨੂੰ ਸਰਕਾਰ ਤੇ ਦਬਾਅ ਬਣਾਉਣ ਲਈ ਮਤਾ ਪਾਸ ਕੀਤਾ ਗਿਆ। ਅੱਜ ਦੀ ਮੀਟਿੰਗ ਵਿੱਚ ਸੂਬਾ ਪ੍ਰਧਾਨ ਇੰਜ ਦਲਜੀਤ ਸਿੰਘ ਕੋਹਲੀ ਉਚੇਚੇ ਤੌਰ ਤੇ ਹਾਜਰ ਸਨ। ਇਸ ਮੌਕੇ ਇੰਜ ਜਗਨ ਨਾਥ ਸ਼ਰਮਾਂ, ਇੰਜ ? ਹਰਜਿੰਦਰ ਸਿੰਘ ਸਰਾਂ,ਇੰਜ ਹਰਭਜਨ ਸਿੰਘ ਬਸਰਾ, ਇੰਜ. ਕੁਲਦੀਪ ਸਿੰਘ ਬੋਪਾਰਾਏ ਇੰਜ.ਸਮਸ਼ੇਰ ਸਿੰਘ ਜੋਸਨ ,ਇੰਜ. ਅਜੇ ਕੁਮਾਰ ,ਇੰਜ ਪਰਮਿੰਦਰਜੀਤ ਸਿੰਘ ਪੰਮੀ,ਇੰਜ ਰਮੇਸ ਕੁਮਾਰ ,ਇੰਜ ਕੁਲਬੀਰ ਸਿੰਘ, ਇੰਜ. ਹਰਜਿੰਦਰ ਸਿੰਘ ਇੰਜ ਜੀ ਐਸ ਚਾਵਲਾ ਸ਼ਾਮਲ ਹੋਏ। ਮੀਟਿੰਗ ਧੰਨਵਾਦ ਦੇ ਮਤੇ ਨਾਲ ਸੰਪੂਰਨ ਕੀਤੀ ਗਈ।

# 'ਆਪ' ਨੇ 75 ਸਾਲਾਂ ਦੇ ਮੁਕਾਬਲੇ ਪੰਜਾਬ ਦਾ ਸਭ ਤੋਂ ਵੱਧ ਨੁਕਸਾਨ ਕੀਤਾ : ਮਜੀਠੀਆ



ਚੌਕ ਮਹਿਤਾ, 12 ਅਪ੍ਰੈਲ ( ਬਾਬਾ ਸੁਖਵੰਤ ਸਿੰਘ ਚੰਨਣਕੇ)-ਆਮ ਆਦਮੀ ਪਾਰਟੀ ਦਾ ਪਰਛਾਵਾਂ ਲੰਮਾ ਹੁੰਦਾ ਦੇਖ ਕੇ ਸਮਰਥਕ ਖੁਸ਼ੀ ਮਨਾ ਰਹੇ ਹਨ ਪਰ ਇਹ ਲੰਬਾ ਪਰਛਾਵਾਂ ਇਸ ਗੱਲ ਦਾ ਸਪੱਸ਼ਟ ਸੰਕੇਤ ਹੈ ਕਿ ਹੁਣ ਪੰਜਾਬ ਦੇ ਅੰਦਰ ਆਮ ਆਦਮੀ ਪਾਰਟੀ ਦਾ ਸੂਰਜ ਡੁੱਬਣ ਕਿਨਾਰੇ ਹੈ। ਹਲਕਾ ਜੰਡਿਆਲਾ ਗੁਰੂ ਤੋਂ ਇਹ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਨਵੇਂ ਚੰਨਣਕੇ ਦੇ ਸਰਪੰਚ ਮੇਜ਼ਰ ਸਿੰਘ ਰੰਧਾਵਾ ਚੰਨਣਕੇ ਦੇ ਗ੍ਰਹਿ ਵਿਖੇ ਨੇ ਗੱਲਬਾਤ ਕਰਦਿਆਂ ਕੀਤਾ। ਉਨ੍ਹਾਂ ਆਖਿਆ ਕਿ ਆਮ ਆਦਮੀ ਪਾਰਟੀ ਨੇ ਕੁਝ ਸਾਲਾਂ 'ਚ ਪੰਜਾਬ ਦਾ ਜਿੰਨਾ ਨੁਕਸਾਨ ਕੀਤਾ ਹੈ, ਉਹ ਪਿਛਲੇ 75 ਸਾਲਾਂ 'ਚ ਕਦੇ ਨਹੀਂ ਹੋਇਆ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨੇ ਅੱਜ ਪੰਜਾਬ ਨੂੰ ਦੁਬਾਰਾ ਕਾਲੇ ਦੌਰ 'ਚ ਧਕੇਲ ਦਿੱਤਾ ਹੈ। ਝੂਠੇ ਪੁਲਸ ਮੁਕਾਬਲੇ, ਫ਼ਿਰੌਤੀਆਂ ਅਤੇ ਕਤਲੋਗਾਰਤ ਕਾਰਨ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ। ਸੂਬੇ ਦੇ ਭੋਲੇ-ਭਾਲੇ ਲੋਕ ਖ਼ੌਫ਼ ਦੇ ਸਾਏ ਹੇਠ ਜ਼ਿੰਦਗੀ ਕੱਟ ਰਹੇ ਹਨ। ਇਹ ਸਰਕਾਰ ਝੂਠ ਦੀਆਂ ਨੀਹਾਂ 'ਤੇ ਟਿਕੀ ਹੈ, ਹੋਰਨਾਂ ਵਾਅਦਿਆਂ ਦੀ ਤਰ੍ਹਾਂ ਬਜ਼ੁਰਗਾਂ, ਅੰਗਹੀਣਾਂ ਤੇ ਵਿਧਵਾਵਾਂ ਨੂੰ ਮਿਲਣ ਵਾਲੀ ਪੈਨਸ਼ਨ ਵਧਾ ਕੇ 2500 ਰੁਪਏ ਪ੍ਰਤੀ ਮਹੀਨਾ ਕਰਨ ਦਾ ਵਾਅਦਾ ਵੀ ਹਵਾ ਹੋ ਚੁੱਕਾ ਹੈ। ਅੱਜ ਲੋਕ ਭਲਾਈ ਸਕੀਮਾਂ ਬੰਦ ਪਈਆਂ ਹਨ ਅਤੇ ਗਰੀਬੀ ਰੇਖਾ ਨਾਲ ਜੁੜੇ ਲੋਕ ਸਰਕਾਰ ਨੂੰ ਕੋਸ ਰਹੇ ਹਨ। ਸ, ਮਜੀਠੀਆ ਨੈ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੀਆਂ ਰੈਲੀਆਂ ਨੂੰ ਲੋਕਾਂ ਦਾ ਲਾਮਿਸਾਲ ਸਮਰਥਨ ਮਿਲ ਰਿਹਾ ਹੈ ਕਿਉਂਕਿ ਲੋਕ 'ਆਪ' ਦੇ ਝੂਠ ਤੋਂਤੰਗ ਆ ਚੁੱਕੇ ਹਨ। ਉਨ੍ਹਾਂ ਦਾਅਵਾ ਕੀਤਾ ਕਿ ਆਉਣ ਵਾਲੀਆਂ ਚੋਣਾਂ 'ਚ ਅਕਾਲੀ ਦਲ ਰਿਕਾਰਡਤੋੜ ਜਿੱਤ ਪ੍ਰਾਪਤ ਕਰੇਗਾ। ਇਸ ਮੌਕੇ ਤੇ ਸਾਬਕਾ ਸਰਪੰਚ ਦਵਿੰਦਰ ਸਿੰਘ ਰੰਧਾਵਾ, ਪ੍ਰਧਾਨ ਜਸਪ੍ਰੀਤ ਸਿੰਘ ਜੱਸੀ, ਜੈਲਦਾਰ ਹਰਿਦਿਆਲ ਸਿੰਘ, ਸੂਬੇਦਾਰ ਸਾਧੂ ਸਿੰਘ ਆਦਿ ਹਾਜ਼ਰ ਸਨ।

# ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਵਲੋਂ ਇੰਜ਼ ਦਲਜੀਤ ਸਿੰਘ ਕੋਹਲੀ ਸਨਮਾਨਿਤ

## ਸ਼੍ਰੀਮਤੀ ਜੋਤੀ ਨੂੰ ਵ੍ਹੀਲ ਚੇਅਰ ਦਿਤੀ ਗਈ : ਜਨਕ ਜੋਸ਼ੀ ਪ੍ਰਧਾਨ



**ਚੌਕ ਮਹਿਤਾ, 12 ਅਪ੍ਰੈਲ (ਬਾਬਾ ਸੁਖਵੰਤ ਸਿੰਘ ਚੰਨਣਕੇ** )-ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਦੀ ਜਨਰਲ ਸਕੱਤਰ ਡੌਲੀ ਭਾਟਿਆ ਵੱਲੋਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆ ਕਿਹਾ ਕਿ ਖੰਡਵਾਲਾ ਚੌਕ ਵਿਖੇ ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਵਲੋਂ ਐਮ ਸੀ ਐਕਸ ਹੋਟਲ ਵਿੱਚ ਮੈਡਮ ਜਨਕ ਜੋਸ਼ੀ ਦੀ ਪ੍ਰਧਾਨਗੀ ਹੇਠ ਮੀਟਿੰਗ ਕੀਤੀ ਗਈ। ਇਸ ਮੀਟਿੰਗ ਸ਼ਾਮਲ ਹੋਣ ਲਈ ਸਪੈਸ਼ਲ ਪਹੁੰਚੇ ਪ੍ਰੀਸ਼ਦ ਦੇ ਸੂਬਾ ਪ੍ਰਧਾਨ ਸ੍ਰੀ ਰਾਜੇਸ਼ ਪ੍ਰਭਾਕਰ ਨੇ ਪ੍ਰੀਸ਼ਦ ਦੇ ਫੈਸਲੇ ਅਨੁਸਾਰ ਮੈਂਬਰਾਂ ਨਾਲ ਮਿਲਕੇ ਇੰਜ ਦਲਜੀਤ ਸਿੰਘ ਕੋਹਲੀ ਨੂੰ ਉਨ੍ਹਾਂ ਦੀਆਂ ਵਾਤਾਵਰਨ ਅਤੇ ਪਾਣੀ ਬਚਾਉਣ ਲਈ ਕੀਤੀਆਂ ਸੇਵਾਵਾਂ ਅਤੇ ਉਨ੍ਹਾਂ ਵਲੋਂ ਆਪਣੀ ਟੀਮ ਨਾਲ ਮਿਲਕੇ ਵਿਸ਼ੇਸ਼ ਕਰਕੇ ਅਮ੍ਰਿਤਸਰ ਤੇ ਅਮ੍ਰਿਤਸਰ ਦੇ ਆਲੇ ਦੁਆਲੇ ਲਗਾਏ ਗਏ 30-32 ਮਿੰਨੀ ਜੰਗਲਾਂ ਨੂੰ ਮੁੱਖ ਰੱਖਦਿਆਂ ਸਨਮਾਨਿਤ ਕੀਤਾ ਗਿਆ। ਸੂਬਾ ਪ੍ਰਧਾਨ ਸ੍ਰੀ ਪ੍ਰਭਾਕਰ ਵੱਲੋਂ ਮੀਟਿੰਗ ਵਿੱਚ ਵਿਕਾਸ ਪ੍ਰੀਸ਼ਦ ਲਈ ਨਵੀਂ ਕਾਰਜਕਾਰਨੀ ਦੇ ਗਠਨ ਦਾ ਐਲਾਨ ਕੀਤਾ ਗਿਆ। ਪ੍ਰਧਾਨ ਮੈਡਮ ਜਨਕ ਜੋਸ਼ੀ ਨੇ ਦੱਸਿਆ ਕਿ ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ ਮਿਤੀ 16/4/26 ਨੂੰ ਭਾਰਤ ਵਿਕਾਸ ਪ੍ਰੀਸ਼ਦ ਛੇਹਰਟਾ ਅੰਮ੍ਰਿਤਸਰ ਦੀ ਨਵੀਂ ਚੁਣੀ ਗਈ ਕਾਰਜਕਾਰਨੀ ਦੀ ਇੰਸਟਾਲੇਸਨ ਮਾਨਯੋਗ ਸੂਬਾ ਪ੍ਰਧਾਨ ਸ੍ਰੀ ਰਾਜੇਸ਼ ਪ੍ਰਭਾਕਰ ਅਤੇ ਸੂਬਾ ਜਨਰਲ ਸਕੱਤਰ ਰਵਿੰਦਰ ਪਠਾਣੀਆਂ ਜੀ ਕਰਾਉਣਗੇ ਪ੍ਰਧਾਨ ਸ੍ਰੀਮਤੀ ਜਨਕ ਜੋਸ਼ੀ ਜੀ ਨੇ ਦੱਸਿਆ ਕਿ ਸ੍ਰੀ ਵਿਸ਼ਾਲ ਵਧਾਵਨ, ਸਹਾਇਕ ਕਮਿਸ਼ਨਰ ਮਿਊਸਪਲ ਕਾਰਪੋਰੇਸ਼ਨ ਅਮ੍ਰਿਤਸਰ ਏਸ ਮੌਕੇ ਮੁੱਖ ਮਹਿਮਾਨ ਦੇ ਤੌਰ ਤੇ ਹਾਜਰ ਰਹਿਣਗੇ। ਮੈਡਮ ਡੌਲੀ ਭਾਟਿਆ ਨੇ ਕਿਹਾ ਕਿ ਸ੍ਰੀ ਕਮਲ ਕਿਸ਼ੋਰ ਅਭੀ ਜੀ ਇਸ ਮੌਕੇ ਸਟੇਜ ਸੰਚਾਲਨ ਦੀ ਜ਼ਿੰਮੇਵਾਰੀ ਨਿਭਾਉਣਗੇ। *ਸ੍ਰੀ *ਸਤੀਸ਼ ਕੁਮਾਰ ਜੀ ਬੱਲੂ ਨੂੰ ਪ੍ਰੀਸ਼ਦ ਦੀਆਂ ਸਾਰੀਆਂ ਗਤੀਵਿਧੀਆਂ ਵਾਸਤੇ ਮੁੱਖ ਸੇਵਾਦਾਰ ਦੀਆਂ ਸੇਵਾਵਾਂ ਕਰਨ ਲਈ ਜ਼ਿੰਮੇਵਾਰੀਆ ਦਿਤੀਆਂ ਗਈਆਂ ਭਾਰਤ ਵਿਕਾਸ ਪ੍ਰੀਸ਼ਦ ਵਲੋਂ ਅਗਾਂਹੂ ਲਏ ਹੋਏ ਫੈਸਲੇ ਅਨੁਸਾਰ ਸੂਬੇ ਦੇ ਪ੍ਰਧਾਨ ਸ੍ਰੀ ਰਾਜੇਸ਼ ਪ੍ਰਭਾਕਰ ਜੀ ਦੀ ਅਗਵਾਈ ਹੇਠ ਸ੍ਰੀਮਤੀ ਜੋਤੀ ਵਾਸੀ ਛੇਹਰਟਾ ਨੂੰ ਉਨ੍ਹਾਂ ਦੇ ਘਰ ਜਾ ਕੇ ਵ੍ਹੀਲਚੇਅਰ ਦਿਤੀ ਗਈ ਮੀਟਿੰਗ ਵਿੱਚ ਇੰਜ ਦਲਜੀਤ ਸਿੰਘ ਕੋਹਲੀ ਨੂੰ ਵਾਤਾਵਰਨ ਮੁਖੀ, ਮੈਡਮ ਨੀਰੂ ਵਰਸ਼ਾ ਭਾਟਿਆ ਨੂੰ ਵਿੱਤ ਸਕੱਤਰ, ਮੈਡਮ ਸਰੋਜ਼ ਚਾਵਲਾ ਵੂਮਨ ਸੈਲ ਦੀ ਮੁਖੀ, ਹਰਿੰਦਰ ਧਵਨ ਜਾਇੰਟ ਵਿੱਤ ਸਕੱਤਰ, ਸ੍ਰੀ ਵਿਜੇ ਸ਼ਰਮਾ ਉਪ ਪ੍ਰਧਾਨ, ਉਪਰੋਕਤ ਨਿਯੁਕਤੀਆਂ ਤੈਅ ਕੀਤੀਆਂ ਗਈਆਂ ਅਤੇ ਮੀਟਿੰਗ ਵਿੱਚ ਸ਼ਾਮਲ ਹੋਰ ਵੀ ਸਤਿਕਾਰਯੋਗ ਮੈਂਬਰਾਨ ਨੇ ਸਮਾਜ ਭਲਾਈ ਦੇ ਕੰਮਾਂ ਨੂੰ ਪਹਿਲ ਦੇ ਆਧਾਰ ਤੇ ਕਰਨ ਦਾ ਪ੍ਰਣ ਕੀਤਾ।

# 13 ਅਪ੍ਰੈਲ 1978 ਦੇ ਸਾਕਾ ਨਿਰੰਕਾਰੀ ਕਾਂਡ ਵਿਚ ਸ਼ਹੀਦ ਹੋਏ ਸਿੰਘਾਂ ਨੂੰ ਯਾਦ ਕਰਦਿਆਂ: ਅਖੰਡ ਕੀਰਤਨੀ ਜੱਥਾ (ਵਿਸ਼ਵਵਿਆਪੀ)

ਨਵੀਂ ਦਿੱਲੀ 12 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):- 1978 ਦੇ ਵੈਸਾਖੀ ਵਾਲੇ ਦਿਨ 10 ਲੱਖ ਤੋਂ ਵੱਧ ਸਿੱਖ ਸ਼ਰਧਾਲੂ ਅੰਮ੍ਰਿਤਸਰ ਵਿਖੇ ਇਕੱਠੇ ਹੋਏ ਸਨ।ਉਸੇ ਸਮੇਂ ਦਿੱਲੀ ਅਤੇ ਭਾਰਤੀ ਉਪ-ਮਹਾਂਦੀਪ ਦੇ ਹੋਰ ਹਿੱਸਿਆਂ ਤੋਂ ਆਏ ਨਿਰੰਕਾਰੀ-ਕਹਿੰਦੇ ਬੋਹੇਮੀਅਨ ਸੰਪਰਦਾ ਨੇ ਅੰਮ੍ਰਿਤਸਰ ਵਿਖੇ ਇੱਕ ਜਲੂਸ ਅਤੇ ਇੱਕ ਕਾਨਫਰੰਸ ਕੀਤੀ।ਆਪਣੀ ਕਾਨਫਰੰਸ ਦੌਰਾਨ ਬੁਲਾਰਿਆਂ ਨੇ ਸਿੱਖ ਧਰਮ ਦੇ ਸਿੱਖ ਗੁਰੂਆਂ, ਸਿੱਖ ਗ੍ਰੰਥਾਂ ਆਦਿ 'ਤੇ ਜ਼ਿਹਰੀਲੇ ਹਮਲੇ ਕੀਤੇ। ਸ਼ਹੀਦ ਜੱਥੇਦਾਰ ਭਾਈ ਫੌਜਾ ਸਿੰਘ ਦੀ ਅਗਵਾਈ ਹੇਠ ਕੁਝ ਸਿੱਖਾਂ ਨੇ ਦਰਬਾਰ ਸਾਹਿਬ ਤੋਂ ਇਸ ਨਕਲੀ ਨਿਰੰਕਾਰੀ ਜਲੂਸ ਦਾ ਵਿਰੋਧ ਕਰਨ ਲਈ ਮਾਰਚ ਕੀਤਾ ਜਿਸ ਵਿੱਚ ਗੁਰਬਚਨ ਸਿਹੁੰ ਨਿਰੰਕਾਰੀ ਨੇ ਆਪਣੇ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉੱਚੇ ਅਹੁਦੇ 'ਤੇ ਬਿਠਾਇਆ ਸੀ। ਜਦਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਉੱਚੇ ਪਲੇਟਫਾਰਮ 'ਤੇ ਬੈਠਣ ਵਾਲੇ ਕਿਸੇ ਵੀ ਵਿਅਕਤੀ ਨੂੰ ਗੁਰੂ ਖਾਲਸਾ ਪੰਥ ਵਿੱਚ ਨਿਰਾਦਰ ਅਤੇ ਅਪਮਾਨਜਨਕ ਮੰਨਿਆ ਜਾਂਦਾ ਹੈ। ਇਸ ਤੋਂ ਇਲਾਵਾ ਨਿਰੰਕਾਰੀ ਗੁਰਸਿੱਖ ਧਰਮ ਦੇ ਵਿਸ਼ਵਾਸਾਂ ਅਤੇ ਭਾਵਨਾਵਾਂ ਵਿਰੁੱਧ ਗੰਭੀਰ ਅਤੇ ਦੁਰਭਾਵਨਾਪੂਰਨ ਅਪਮਾਨ ਕਰ ਰਹੇ ਸਨ। ਗੁਰਸਿੱਖਾਂ ਤੋਂ ਜਾਣੂ ਨਿਰੰਕਾਰੀਆਂ ਦੀਆਂ ਹੋਰ ਯੋਜਨਾਵਾਂ ਸਨ ਜਿਨ੍ਹਾਂ ਵਿੱਚ ਘਾਤਕ ਹਥਿਆਰਾਂ ਨਾਲ ਲੈਸ ਇੱਕ ਪੈਰਾ-ਮਿਲਟਰੀ ਪਲਟੂਨ, ਬੰਦੂਕਾਂ, ਰਿਵਾਲਵਰ, ਐਸਿਡ ਨਾਲ ਭਰੀਆਂ ਬੋਤਲਾਂ ਅਤੇ ਜ਼ਿਹਰ ਨਾਲ ਭਰੇ ਤੀਰ ਚਲਾਉਣ ਲਈ ਮਕੈਨੀਕਲ ਪ੍ਰੋਪੈਲੈਂਟ ਸ਼ਾਮਲ ਸਨ, ਜੋ ਕਿ ਟਰੱਕਾਂ ਦੀ ਇੱਕ ਕਤਾਰ ਦੇ ਪਿੱਛੇ ਚੰਗੀ ਤਰ੍ਹਾਂ ਤਾਇਨਾਤ ਸਨ। ਗੁਰਸਿੱਖ ਪ੍ਰਦਰਸ਼ਨਕਾਰੀਆਂ ਨੂੰ ਡਿਊਟੀ 'ਤੇ ਮੌਜੂਦ ਪੁਲਿਸ ਅਧਿਕਾਰੀਆਂ ਨੇ ਇਹ ਵਿਸ਼ਵਾਸ ਦਿਵਾਉਣ ਲਈ ਮਨਾਇਆ ਕਿ ਗੁਰਸਿੱਖ ਭਾਵਨਾਵਾਂ ਨੂੰ ਹੋਰ ਭੜਕਾਉਣ ਤੋਂ ਰੋਕਣ ਲਈ ਕਦਮ ਚੁੱਕੇ ਜਾ ਰਹੇ ਹਨ।ਫਿਰ ਗੁਰਬਚਨ ਸਿਹੁੰ ਨਿਰੰਕਾਰੀ ਮੁਖੀ ਦੀ ਆਵਾਜ਼ ਸਾਊਂਡ ਸਿਸਟਮ 'ਤੇ ਸੁਣਾਈ ਦਿੱਤੀ ਕਿ "ਇਹ ਸਿੱਖ ਸੋਚਦੇ ਹਨ ਕਿ ਉਹ ਸਾਨੂੰ ਸਾਡੇ ਪ੍ਰੋਗਰਾਮ ਨੂੰ ਖੁੱਲ੍ਹ ਕੇ ਕਰਨ ਤੋਂ ਰੋਕ ਸਕਦੇ ਹਨ। ਉਨ੍ਹਾਂ ਨੂੰ ਅੱਜ ਦੱਸੋ ਕਿ ਉਹ ਕਿੰਨੇ ਗਲਤ ਹਨ। ਸਮਾਂ ਆ ਗਿਆ ਹੈ ਕਿ ਉਨ੍ਹਾਂ ਲਈ ਸਰਗਰਮ ਹੋਣ ਦਾ ਜੋ ਇਸ ਕੰਮ ਲਈ ਇੱਥੇ ਆਏ ਹਨ÷ ।ਅਚਾਨਕ ਪੈਰਾ-ਮਿਲਟਰੀ ਪਲਟੂਨ ਗੁਰਸਿੱਖ ਪ੍ਰਦਰਸ਼ਨਕਾਰੀਆਂ ਵੱਲ ਤੇਜ਼ੀ ਨਾਲ ਅੱਗੇ ਵਧਿਆ। ਡਿਊਟੀ 'ਤੇ ਮੌਜੂਦ ਪੁਲਿਸ ਨੇ ਨਿਹੱਥੇ ਗੁਰਸਿੱਖਾਂ 'ਤੇ ਅੱਥਰੂ ਗੈਸ ਦੇ ਬੰਬ ਸੁੱਟੇ ਜਿਨ੍ਹਾਂ ਨੇ ਉਨ੍ਹਾਂ ਨੂੰ ਆਪਣੇ ਸ਼ਿਕਾਰੀਆਂ ਲਈ ਬੈਠੇ ਬੱਤਖਾਂ ਵਿੱਚ ਬਦਲ ਦਿੱਤਾ।ਓ.ਡੀ. ਜੋਸ਼ੀ ਵਰਗੇ ਕੁਝ ਹਿੰਦੂ ਪੁਲਿਸ ਅਧਿਕਾਰੀ ਵੀ ਨਿਰੰਕਾਰੀਆਂ ਦੇ ਵਿਰੋਧ ਕਰ ਰਹੇ ਗੁਰਸਿੱਖਾਂ 'ਤੇ ਹਮਲਿਆਂ ਵਿੱਚ ਸ਼ਾਮਲ ਹੋ ਗਏ। ਜਦੋਂ ਇਹ ਸਭ ਕੁਝ ਹੋ ਗਿਆ ਤਾਂ 13 ਸਿੰਘ ਸ਼ਹੀਦ ਹੋ ਗਏ ਅਤੇ



ਅਣਗਿਣਤ ਗੰਭੀਰ ਜ਼ਖਮੀ ਹੋ ਗਏ। ਵਿਰੋਧ ਕਰ ਰਹੇ ਗੁਰਸਿੱਖਾਂ ਦੇ ਜਥੇ ਵਿੱਚ ਅਖੰਡ ਕੀਰਤਨੀ ਜਥੇ ਅਤੇ ਭਿੰਡਰਾਂਵਾਲਾ ਜਥੇ ਦੇ ਜੱਥੇਦਾਰ ਭਾਈ ਫੌਜਾ ਸਿੰਘ ਦੀ ਅਗਵਾਈ ਹੇਠ 13 ਸਿੰਘ ਸ਼ਾਮਲ ਸਨ ਜਿਨ੍ਹਾਂ ਨੇ ਆਪਣੀਆਂ ਜਾਨਾਂ ਦਿੱਤੀਆਂ: ਜੱਥੇਦਾਰ ਭਾਈ ਫੌਜਾ ਸਿੰਘ, ਭਾਈ ਅਮਰੀਕ ਸਿੰਘ, ਭਾਈ ਅਵਤਾਰ ਸਿੰਘ, ਭਾਈ ਦਰਸ਼ਨ ਸਿੰਘ, ਭਾਈ ਧਰਮਵੀਰ ਸਿੰਘ, ਭਾਈ ਗੁਰਚਰਨ ਸਿੰਘ, ਭਾਈ ਗੁਰਦਿਆਲ ਸਿੰਘ, ਭਾਈ ਹਰਭਜਨ ਸਿੰਘ, ਭਾਈ ਹਰੀ ਸਿੰਘ, ਭਾਈ ਕੇਵਲ ਸਿੰਘ, ਭਾਈ ਪਿਆਰਾ ਸਿੰਘ, ਭਾਈ ਰਘਬੀਰ ਸਿੰਘ, ਭਾਈ ਰਣਬੀਰ ਸਿੰਘ 'ਫੌਜੀ' ਸਿੱਖਾਂ ਦੀ ਸਥਿਤੀ ਦੀ ਵਿਡੰਬਨਾ ਇਹ ਸੀ ਕਿ ਪੰਜਾਬ 'ਤੇ ਇੱਕ ਅਖੌਤੀ ਸਿੱਖ ਪਾਰਟੀ ਦਾ ਰਾਜ ਸੀ; ਅੰਮ੍ਰਿਤਸਰ ਸਿੱਖਾਂ ਦੇ ਸਭ ਤੋਂ ਪਵਿੱਤਰ ਸ਼ਹਿਰਾਂ ਵਿੱਚੋਂ ਇੱਕ ਸੀ; ਇੱਕ ਮੰਤਰੀ ਜੀਵਨ ਸਿਹੁੰ ਵੀ ਸ਼ਹਿਰ ਵਿੱਚ ਮੌਜੂਦ ਸੀ; ਇਹ ਸ਼ਹਿਰ ਅਕਾਲੀ ਪਾਰਟੀ ਅਤੇ ਸਿੱਖ ਸੰਸਦ (ਐਸਜੀਪੀਸੀ) ਦਾ ਮੁੱਖ ਦਫਤਰ ਸੀ ਅਤੇ ਨਿਰੰਕਾਰੀ ਲੰਬੇ ਸਮੇਂ ਤੋਂ ਸਿੱਖ ਧਰਮ 'ਤੇ ਹਮਲੇ ਕਰ ਰਹੇ ਸਨ ਅਤੇ ਇਹ ਸਰਕਾਰ ਵਿੱਚ ਜਾਣਿਆ ਜਾਂਦਾ ਸੀ। ਇਸ ਤੋਂ ਇਲਾਵਾ, ਸਿੱਖਾਂ ਦੇ ਸਾਰੇ ਕਾਤਲ ਪੰਜਾਬ ਸਰਕਾਰ ਦੇ ਅਧਿਕਾਰੀਆਂ (ਨਿਰੰਜਨ ਸਿਹੁੰ ਸਮੇਤ ਪੰਜਾਬ ਦੇ ਇੱਕ ਅਧਿਕਾਰੀ ਅਤੇ ਕਥਿਤ ਤੌਰ 'ਤੇ ਪੰਜਾਬ ਦੇ ਮੁੱਖ ਮੰਤਰੀ) ਦੀ ਮਦਦ ਨਾਲ ਵੀ ਸੁਰੱਖਿਅਤ ਪੰਜਾਬ ਤੋਂ ਭੱਜ ਗਏ। ਦੁਨੀਆਂ ਭਰ ਵਿੱਚ ਸਿੱਖਾਂ ਨੇ ਆਪਣਾ ਗੁੱਸਾ ਦਿਖਾਇਆ।ਹਾਲਾਂਕਿ, ਪੰਜਾਬ ਸੂਬੇ ਦੇ ਅਕਾਲੀ ਮੰਤਰੀਆਂ ਨੇ ਕੇਂਦਰੀ ਸਰਕਾਰ ਅੱਗੇ ਝੁਕ ਕੇ ਇਸ ਗਿਰੋਹ ਦੀਆਂ ਗਤੀਵਿਧੀਆਂ 'ਤੇ ਪਾਬੰਦੀ ਲਗਾਉਣ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਇਨ੍ਹਾਂ ਮੰਤਰੀਆਂ ਨੇ ਵੱਖ-ਵੱਖ ਸਿੱਖ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਨਿਰੰਕਾਰੀਆਂ ਵਿਰੁੱਧ ਬੋਲਿਆ ਤਾਂ ਜੋ ਸਿੱਖ ਜਨਤਾ ਉਨ੍ਹਾਂ ਦੇ ਉਦਾਸੀਨ (ਜਾਂ ਨਿਰੰਕਾਰੀ ਪੱਖੀ) ਰਵੱਈਏ ਲਈ ਉਨ੍ਹਾਂ ਵਿਰੁੱਧ ਗੁੱਸੇ ਵਿੱਚ ਨਾ ਆਵੇ। ਇਸ ਤਰ੍ਹਾਂ ਇਹ ਸਿੱਖ ਕੌਮ ਦੇ ਸੰਘਰਸ਼ ਦੇ ਨਵੇਂ ਪੜਾਅ ਦਾ ਸ਼ੁਰੂਆਤੀ ਬਿੰਦੂ ਬਣ ਗਿਆ। ਸਿੱਖ ਬੁੱਧੀਜੀਵੀਆਂ ਦੀ ਅਗਵਾਈ ਹੇਠ ਸਿੱਖ ਨੌਜਵਾਨਾਂ ਨੇ ਅਗਵਾਈ ਦਿੱਤੀ।ਉਨ੍ਹਾਂ ਨੂੰ ਵੱਖ-ਵੱਖ ਪਲੇਟਫਾਰਮਾਂ 'ਤੇ ਲੜਨਾ ਪਿਆ: ਹਿੰਦੂ, ਕਮਿਊਨਿਸਟ ਅਤੇ ਕੁਝ ਨਕਲੀ-ਅਕਾਲੀ ਜੋ ਆਪਣੀ ਕੌਮ ਨਾਲੋਂ ਆਪਣੇ ਅਹੁਦੇ ਨੂੰ ਜ਼ਿਆਦਾ ਪਿਆਰ ਕਰਦੇ ਸਨ।ਅੰਮ੍ਰਿਤਸਰ ਕਤਲੇਆਮ ਨੇ ਤੇਰਾਂ ਗੁਰਸਿੱਖਾਂ ਦੀ ਸ਼ਹਾਦਤ ਅਤੇ ਅਣਗਿਣਤ ਜ਼ਖਮੀਆਂ ਦੁਆਰਾ ਪੰਥ ਵਿੱਚ ਇਨਸਾਫ਼ ਦੀ ਲਾਟ ਨੂੰ ਅੱਗ ਲਗਾ ਦਿੱਤੀ। ਖਾਲਸਾ ਪੰਥ ਸ਼ਹੀਦ ਹੋਏ 13 ਸ਼ਹੀਦਾਂ ਨੂੰ ਹਮੇਸ਼ਾ ਯਾਦ ਰੱਖੇਗਾ, ਅਤੇ ਉਨ੍ਹਾਂ ਵਲੋਂ ਦਰਸਾਇ ਗਏ ਰਾਹ ਤੇ ਤੁਰਦਾ ਹੋਇਆ ਚਲ ਰਹੇ ਮੌਜੂਦਾ ਸੰਘਰਸ਼ ਵਿਚ ਕੌਮੀ ਨਿਸ਼ਾਨੇ ਦੀ ਪ੍ਰਾਪਤੀ ਤਕ ਤਨ ਮਨ ਧਨ ਨਾਲ ਸੇਵਾ ਵਿਚ ਯੋਗਦਾਨ ਦੇਂਦਾ ਰਹੇਗਾ।

# ਸਿੱਖੀ ਦੇ ਪਹਿਰਾਵੇ ਦਾ ਅਹਿਮ ਅੰਗ ਦਸਤਾਰ (ਪੱਗ)

## (13 ਅਪ੍ਰੈਲ) ਦਸਤਾਰ ਦਿਵਸ 'ਤੇ ਵਿਸ਼ੇਸ਼

**ਅੱਜ** ਸਿੱਖ ਧਰਮ ਵਿੱਚ ਵਿਸ਼ਵਾਸ ਰੱਖਣ ਵਾਲੇ ਦਸਤਾਰ ਧਾਰੀ ਲੋਕ ਸਮੁੱਚੇ ਵਿਸ਼ਵ ਵਿੱਚ ਫੈਲੇ ਹੋਏ ਹਨ ।ਅਸਲ ਵਿੱਚ ਵਿਸ਼ਵ ਦੇ ਛੋਟੇ-ਵੱਡੇ ਧਰਮਾਂ ਵਿੱਚੋਂ ਸਿੱਖ ਧਰਮ ਸੰਸਾਰ ਦਾ ਵਿਲੱਖਣ ਅਤੇ ਵੱਖਰੀ ਪਹਿਚਾਨ ਰੱਖਣ ਵਾਲਾ ਧਰਮ ਹੈ ।ਸਿੱਖ ਦੇ ਪਹਿਰਾਵੇ ਵਿੱਚ ਦਸਤਾਰ ਦਾ ਵਿਸ਼ੇਸ ਸਥਾਨ ਹੈ ।ਅੱਜ ਜਦੋਂ ਸਿੱਖ ਧਰਮ ਵਿਸ਼ਵ ਵਿਆਪੀ ਹੋ ਚੁੱਕਾ ਹੈ ਤਾਂ ਵੱਖ-ਵੱਖ ਦੇਸ਼ਾਂ ਵਿੱਚ ਵੱਖ-ਵੱਖ ਚੁਣੌਤੀਆਂ ਵਿੱਚੋਂ ਸਾਡੀ ਦਸਤਾਰ ਲਈ ਪੈਦਾ ਹੋ ਰਹੀਆਂ ਸਮੱਸਿਆਵਾਂ ਕਰਕੇ ਸਮੁੱਚੀ ਦੁਨੀਆਂ ਦੇ ਮੀਡੀਆ ਵਿੱਚ ਵੱਖ-ਵੱਖ ਭਾਸ਼ਾਵਾਂ ਵਿੱਚ ਸਮੇਂ-ਸਮੇਂ ਖ਼ਬਰਾਂ ਛੱਪਦੀਆਂ ਰਹਿੰਦੀਆਂ ਹਨ, ਭਾਵੇਂ ਏਸ਼ੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਦੂਸਰੇ ਧਰਮਾਂ ਦੇ ਲੋਕ ਵੀ ਦਸਤਾਰ ਜਾਂ ਪਗੜੀ ਧਾਰਨ ਕਰਕੇ ਆਪਣੀ ਵੱਖਰੀ ਪਹਿਚਾਣ ਕਰਕੇ ਜਾਣੇ ਜਾਂਦੇ ਹਨ ।ਗੁਰੂ ਕਾਲ ਵਿੱਚ ਸਾਰੇ ਗੁਰੂ ਸਾਹਿਬਾਨ ਅਤੇ ਗੁਰੂ ਨਾਨਕ ਲੇਵਾ ਸਿੱਖ ਦਸਤਾਰ ਧਾਰਨ ਕਰਦੇ ਸਨ ।ਸਰਬੰਸਦਾਨੀ ਪਿਤਾ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਦੀ ਵੈਸਾਖੀ ਦੇ ਪਾਵਨ ਅਵਸਰ 'ਤੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾਉਣ ਦੀ ਵਿਲੱਖਣ ਘਟਨਾ ਸਮੇਂ ਦਸਤਾਰ ਨੂੰ ਸਿੱਖਾਂ ਦੇ ਅਤਿ ਜ਼ਰੂਰੀ ਪਹਿਰਾਵੇ ਦਾ ਅੰਗ ਬਣਾ ਦਿੱਤਾ ।ਦਸਤਾਰ ਹੀ ਹੈ, ਜਿਹੜੀ ਪੰਜਾਂ ਕਕਾਰਾਂ ਵਿੱਚੋਂ ਕੇਸਾਂ ਦੀ ਸੰਭਾਲ ਲਈ ਪਹਿਨਣ ਵਾਲੇ ਬਸਤਰਾਂ ਵਿੱਚ ਅਹਿਮ ਸਥਾਨ ਰੱਖਦੀ ਹੈ ।ਇਸ ਦਸਤਾਰ ਤੋਂ ਬਿਨਾਂ ਸਿੱਖ ਦਾ ਸਰੂਪ ਕਿਆਸਿਆ ਵੀ ਨਹੀਂ ਜਾ ਸਕਦਾ ।

ਸੌਣ ਸਮੇਂ ਜਾਂ ਅਰਾਮ ਕਰਨ ਸਮੇਂ ਛੋਟੀ ਦਸਤਾਰ ਸਜਾਉਣਾ ਸਿੱਖ ਲਈ ਲਾਜ਼ਮੀ ਹੈ, ਜਿਸ ਨੂੰ ਕੇਸਕੀ ਦਾ ਨਾਂਅ ਦਿੱਤਾ ਗਿਆ ਹੈ ।ਆਮ ਤੌਰ 'ਤੇ ਅੰਮ੍ਰਿਤਧਾਰੀ ਸਿੱਖ ਦਸਤਾਰ ਦੇ ਹੇਠਾਂ ਕੇਸਕੀ ਸਜਾਉਂਦੇ ਹਨ ।ਭਾਵੇਂ ਇਸ ਖਿੱਤੇ ਦੇ ਕੁਝ ਦੇਸ਼ਾਂ ਵਿੱਚ ਸਿਰ ਨੂੰ ਢੱਕਣ ਲਈ ਮੁੱਢ-ਕਦੀਮ ਤੋਂ ਪਗੜੀ ਦੀ ਵਰਤੋਂ ਹੁੰਦੀ ਆਈ ਹੈ । ਪਰ ਆਰੀਆ ਸੱਭਿਅਤਾ ਦੇ ਲੋਕਾਂ ਵਿੱਚ ਪਗੜੀ ਬੰਨਣ ਦਾ ਰਿਵਾਜ਼ ਬਹੁਤ ਪੁਰਾਣਾ ਹੈ ।ਪੰਜਾਬ ਦੀ ਸੱਭਿਅਤਾ ਵਿੱਚ ਦਸਤਾਰ ਧਾਰਨ ਕਰਨੀ ਸਾਡੇ ਸਮਾਜ ਅਤੇ ਸੱਭਿਆਚਾਰ ਦਾ ਹਿੱਸਾ ਰਿਹਾ ਹੈ ।ਹਰ ਧਰਮ ਤੇ ਜਾਤ ਦੇ ਲੋਕ ਦਸਤਾਰ ਸਜਾਉਂਦੇ ਰਹੇ ਹਨ ।

ਸਾਡੀ ਪੰਜਾਬੀ ਭਾਸ਼ਾ ਦੇ ਮੁਹਾਵਰਿਆਂ, ਲੋਕ-ਅਖਾਣਾਂ ਅਤੇ ਵਿਰਾਸਤੀ ਲੋਕ ਗੀਤਾਂ, ਸ਼ੈਲੀਆਂ ਵਿੱਚ ਦਸਤਾਰ, ਪੱਗ, ਪਗੜੀ ਦੀ ਅਹਿਮੀਅਤ ਵੀ 5ਨੀ ਹੀ ਪੁਰਾਣੀ ਹੈ, ਜਿੰਨੀ ਸਾਡੀ ਭਾਸ਼ਾ ਅਤੇ ਮਾਂ-ਬੋਲੀ ਦੇ ਜਨਮ ਦੀ ਗਾਥਾ ।ਜਦੋਂ ਅੰਗ੍ਰੇਜ਼ਾਂ ਨੇ ਭਾਰਤ ਵਿੱਚ ਪ੍ਰਵੇਸ਼ ਕੀਤਾ ਤਾਂ ਅੰਗ੍ਰੇਜ਼ੀ ਸੱਭਿਆਚਾਰ ਨੇ ਦਸਤਾਰ ਨੂੰ ਕੇਵਲ ਸਿੱਖ ਸਮਾਜ ਤੱਕ ਹੀ ਸੀਮਤ ਕਰ ਦਿੱਤਾ ।ਅਸੀਂ ਅੱਜ ਵੀ ਦੇਖਦੇ ਹਾਂ ਕਿ


-ਭਗਵਾਨ ਸਿੰਘ ਜੌਹਲ

bhagwansinghjohal@gmail.com

ਮੋਬਾਈਲ : 98143-24040




ਹਿੰਦੂ ਸਮਾਜ ਵਿੱਚ ਖੁਸ਼ੀ ਜਾਂ ਗ਼ਮੀ ਦੇ ਸਮਾਗਮਾਂ ਵਿੱਚ ਪਗੜੀ ਬੰਨ੍ਹਣ ਦਾ ਰਿਵਾਜ਼ ਵੀ ਬਾ-ਦਸਤੂਰ ਚੱਲ ਰਿਹਾ ਹੈ ।ਕਿਸੇ ਬਜ਼ੁਰਗ ਦੀ ਮੌਤ ਤੋਂ ਪਿੱਛੋਂ ਉਸ ਦੇ ਪੁੱਤਰ ਨੂੰ ਦਸਤਾਰ ਜਾਂ ਪਗੜੀ ਸਮਾਜਿਕ ਜ਼ਿੰਮੇਵਾਰੀ ਨੂੰ ਸੰਭਾਲਣ ਦੇ ਚਿੰਨ ਵਜੋਂ ਦਿੱਤੀ ਜਾਂਦੀ ਹੈ ।

ਦੂਜੇ ਵੱਡੇ ਸੰਸਾਰ ਯੁੱਧ (1939 ਤੋਂ 1944) ਸਮੇਂ ਅੰਗ੍ਰੇਜ਼ਾਂ ਦੇ ਅਧੀਨ ਲੜ ਰਹੇ ਸਿੱਖ ਫੌਜੀਆਂ ਨੂੰ ਲੋਹ-ਟੋਪ ਪਾਉਣ ਦੇ ਆਦੇਸ਼ ਅੰਗ੍ਰੇਜ਼ੀ ਹਕੂਮਤ ਵੱਲੋਂ ਦਿੱਤੇ ਗਏ ਸਨ ।ਵੱਡੀ ਗਿਣਤੀ ਵਿੱਚ ਜਾਨੀ ਨੁਕਸਾਨ ਨੂੰ ਘੱਟ ਕਰਨ ਦੇ ਡਰ ਵਜੋਂ ਅਜਿਹਾ ਲਾਜ਼ਮੀ ਕੀਤਾ ਗਿਆ ਸੀ ।ਭਾਰਤ ਵਿੱਚ ਰਾਜ ਕਰ ਰਹੀ ਬਰਤਾਨਵੀ ਸਰਕਾਰ ਨੇ ਤਾਂ ਇਥੋਂ ਤੱਕ ਕਹਿ ਦਿੱਤਾ ਸੀ ਕਿ ਅਸੀਂ ਏਨਾ ਜਾਨੀ ਨੁਕਸਾਨ ਹੋਣ 'ਤੇ ਸਿੱਖ ਫੌਜੀਆਂ ਦੀਆਂ ਵਿਧਵਾਵਾਂ ਨੂੰ ਪੈਨਸ਼ਨ ਦੇਣ ਦਾ ਬੋਝ ਨਹੀਂ ਚੁੱਕ ਸਕਦੇ ।ਪਰ ਇਸ ਤੋਂ ਉਲਟ ਸਾਡੇ ਸਾਰੇ ਸਿੱਖ ਫੌਜੀ ਜਵਾਨਾਂ ਅਤੇ ਅਫ਼ਸਰਾਂ ਨੇ ਇਸ ਗੱਲ ਨੂੰ ਪ੍ਰਵਾਨ ਕਰ ਲਿਆ ਕਿ ਜਦੋਂ ਕਿਸੇ ਦਸਤਾਰ ਧਾਰੀ ਜਵਾਨ ਦੀ ਮੌਤ ਸਿਰ ਵਿੱਚ ਗੋਲੀ ਲੱਗਣ ਨਾਲ ਹੋਵੇਗੀ ਤਾਂ ਉਸ ਦੀ ਵਿਧਵਾ ਤੇ ਪਰਿਵਾਰਕ ਪੈਨਸ਼ਨ ਨਹੀਂ ਲਈ ਜਾਵੇਗੀ । ਸਮੁੱਚਾ ਦੂਜਾ ਵਿਸ਼ਵ ਯੁੱਧ ਬਿਨਾਂ ਲੋਹ-ਟੋਪ ਪਹਿਨਣ ਤੋਂ ਦਸਤਾਰਾਂ ਸਜਾ ਕੇ ਲੜਿਆ ।ਸਿੱਖੀ ਸਿਦਕ ਲਈ ਦਸਤਾਰ ਦੀ ਅਹਿਮੀਅਤ ਤੇ ਪਹਿਚਾਣ ਦੀ ਖ਼ਾਤਰ ਜ਼ਿੰਦਗੀ ਦਾ ਬਲੀਦਾਨ ਤੇ ਸ਼ਹਾਦਤ ਦਾ ਜਾਮ ਪੀਣ ਨੂੰ ਪਹਿਲ ਦਿੱਤੀ ।ਪਰਿਵਾਰਾਂ ਦੀ ਆਰਥਿਕ ਤੰਗੀ ਨੂੰ ਤਾਂ ਜਰ ਲਵਾਂਗੇ, ਪਰ ਦਸਤਾਰ ਨੂੰ ਆਂਚ ਨਹੀਂ ਲੱਗਣ ਦੇਣੀ ।ਸਾਡੇ



ਸਿੱਖ ਜਵਾਨ ਇਹ ਭਲੀ ਭਾਂਤ ਇਸ ਗੱਲ ਨੂੰ ਸਮਝਦੇ ਸਨ ਕਿ ਵਿਸ਼ਵ ਭਰ ਦੇ ਦੇਸ਼ਾਂ ਵਿੱਚ ਸਾਡੀ ਪਹਿਚਾਣ ਦਸਤਾਰ ਕਰਕੇ ਹੀ ਬਣਦੀ ਹੈ। ਡਾ: ਰਤਨ ਸਿੰਘ ਜੱਗੀ ਸਿੱਖ ਵਿਸ਼ਵ ਕੋਸ਼ ਵਿੱਚ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹੁਣ ਤੱਕ ਹੋਏ ਦੋਵਾਂ ਵਿਸ਼ਵ ਯੁੱਧਾਂ ਦੌਰਾਨ 83055 ਦਸਤਾਰ ਧਾਰੀ ਸਿੱਖਾਂ ਨੇ ਸ਼ਹਾਦਤ ਦਾ ਜਾਮ ਪੀਤਾ ਅਤੇ ਦੋਵਾਂ ਲੜਾਈਆਂ ਦੌਰਾਨ ਅੰਗ੍ਰੇਜ਼ੀ ਹਕੂਮਤ ਨੇ ਜੰਗ ਦੀ ਭੱਠੀ ਵਿੱਚ ਬਾਲਣ ਵਜੋਂ ਦਸਤਾਰਧਾਰੀ ਫੌਜੀਆਂ ਦੀ ਅਹੂਤੀ ਦਿੱਤੀ ।ਦੋਵਾਂ ਵਿਸ਼ਵ ਯੁੱਧਾਂ ਦੌਰਾਨ 1,09,045 ਸਿੱਖ ਜਵਾਨ ਜ਼ਖਮੀ ਹੋਏ ਸਨ ।ਸਾਡੇ ਪੁਰਖਿਆਂ ਦੀ ਇਹ ਗਾਥਾ ਦਸਤਾਰ ਪਹਿਨਣ ਵਾਲੇ ਸਿੱਖਾਂ ਲਈ ਮਾਣ ਵਾਲੀ ਗੱਲ ਨਹੀਂ ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ ਮੁਤਾਬਿਕ ਵਰਤਮਾਨ ਸਮੇਂ ਵਿੱਚ ਖ਼ਾਲਸਾ ਸਾਜਨਾ ਦਿਵਸ ਨੂੰ ਸਿੱਖ ਦਸਤਾਰ ਦਿਵਸ ਵਜੋਂ ਮਨਾਉਣਾ ਦਸਤਾਰ ਸਿੱਖ ਦੇ ਪਹਿਰਾਵੇ ਦੇ ਅਹਿਮ ਅੰਗ ਦਾ ਸੁਨੇਹਾ ਦਿੰਦਾ ਹੈ ।ਅਸੀਂ ਰੋਜ਼ਾਨਾ ਪੜ੍ਹਦੇ ਸੁਣਦੇ ਹਾਂ, ਸਾਡੇ ਪ੍ਰਵਾਸੀ ਭਾਰਤੀ ਸਿੱਖ ਵੀਰਾਂ ਨੂੰ ਅੱਜ ਵੀ ਦਸਤਾਰ ਸਿੱਖੀ ਦੇ ਵੱਕਾਰ ਦਾ ਮਸਲਾ ਬਣ ਜਾਂਦਾ ਹੈ ।ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖਾਂ ਨੂੰ ਦਸਤਾਰ ਸਜਾ ਕੇ ਨੌਕਰੀ ਜਾਂ ਹੋਰ ਕਾਰੋਬਾਰ ਕਰਨ ਦੀ ਇਜਾਜ਼ਤ ਮਿਲੀ ਹੋਈ ਹੈ । ਪਰ ਦਸਤਾਰ ਲਈ ਸੰਘਰਸ਼ ਅਜੇ ਵੀ ਜਾਰੀ ਹੈ ।

ਬਹੁਤ ਸਾਰੇ ਦੇਸ਼ਾਂ ਵਿੱਚ ਸਿੱਖ ਭੈਣਾਂ-ਵੀਰਾਂ ਨੂੰ ਦੋਪਹੀਆ ਸਵਾਰੀ ਨੂੰ ਚਲਾਉਣ ਸਮੇਂ ਲੋਹ-ਟੋਪ ਪਹਿਨਣ ਤੋਂ ਛੋਟ ਮਿਲੀ ਹੋਈ ਹੈ ।ਪਰ ਇਸ ਚੱਲ ਰਹੇ ਸੰਘਰਸ਼ ਦੌਰਾਨ ਦਸਤਾਰ ਦੀ ਸਰਵਉੱਚਤਾ ਨੂੰ ਪ੍ਰਵਾਨ ਕਰਕੇ ਹਰ ਸਿੱਖ ਨੂੰ ਆਪਣੇ ਫਰਜ਼ਾਂ ਤੇ ਕਰਤਵਾਂ ਨੂੰ ਸਮਝਣਾ ਪਵੇਗਾ ।ਸਿੱਖ ਦਸਤਾਰ ਦਿਵਸ ਸਮੇਂ ਸੁੰਦਰ ਦਸਤਾਰ-ਦੁਮਾਲਾ ਮੁਕਾਬਲੇ ਕਰਵਾ ਰਹੀਆਂ ਸੰਸਥਾਵਾਂ, ਸਭਾ, ਸੁਸਾਇਟੀਆਂ ਨੂੰ ਹੋਰ ਵਧੇਰੇ ਉਤਸ਼ਾਹ ਤੇ ਲਗਨ ਨਾਲ ਦਸਤਾਰ ਦੀ ਪਹਿਚਾਣ ਲਈ ਗਹਿਰ ਗੰਭੀਰ ਯਤਨ ਕਰਨੇ ਪੈਣਗੇ ।

### ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੋਸਾਇਟੀ ਦਾ

# ਹਰਭਜਨ ਸਿੰਘ ਦੜਿਆਲਾ ਨੂੰ ਬਨਾਇਆ ਪ੍ਰਧਾਨ



**ਫ਼ਿਰੋਜ਼ਪੁਰ, 12 ਅਪ੍ਰੈਲ (ਮਨੋਹਰ ਲਾਲ) :—** ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਵੈਲਫੇਅਰ ਸੋਸਾਇਟੀ ਰਜਿ 140 ਪੰਜਾਬ ਦੀ ਮੀਟਿੰਗ ਸੁਖਵਿੰਦਰ ਸਿੰਘ ਸੰਨੀ ਦੀ ਅਗਵਾਈ ਵਿੱਚ ਇੰਡੀਅਨ ਫਾਊਂਡਰ ਵਰਕਸ ਬਾਰਡਰ ਰੋਡ ਵਿਖੇ ਹੋਈ, ਜਿਸ ਵਿਚ ਹਾਜ਼ਰ ਮੈਂਬਰਾਂ ਦਾ ਸੁਖਵਿੰਦਰ ਸਿੰਘ ਸੰਨੀ ਵੱਲੋਂ ਜੀ ਆਇਆ ਕੀਤਾ ਗਿਆ ਅਤੇ ਸੁਚੱਜੇ ਢੰਗ ਨਾਲ ਆਓ ਭਗਤ ਕੀਤੀ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਜਥੇਬੰਦੀ ਦੇ ਆਗੂਆਂ ਨੇ ਦੱਸਿਆ ਕਿ ਕਰੀਬ ਦੋ ਘੰਟੇ ਚੱਲੀ ਮੀਟਿੰਗ ਦੌਰਾਨ ਸੋਸਾਇਟੀ ਦੇ ਆਏ ਹੋਏ ਮੈਂਬਰਾਂ ਨੇ ਆਪੋ—ਆਪਣੇ ਸੁਝਾਅ ਦਿੱਤੇ ਅਤੇ ਮੈਂਬਰਾਂ ਦੇ ਸਲਾਹ ਮਸ਼ਵਰੇ ਤੋਂ ਬਾਅਦ ਸਰਬ ਸਹਿਮਤੀ ਨਾਲ ਸੁਖਵਿੰਦਰ ਸਿੰਘ ਸੰਨੀ ਨੇ ਸਿਰੋਪਾਓ ਦੇ ਕੇ ਹਰਭਜਨ ਸਿੰਘ ਦੜਿਆਲਾ ਨੂੰ ਜੈਕਾਰਿਆਂ ਦੀ ਗੂੰਜ ਵਿੱਚ ਪੰਜਾਬ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਸੁਖਵਿੰਦਰ ਸਿੰਘ ਸੰਨੀ ਨੂੰ ਸਰਪ੍ਰਸਤ ਪੰਜਾਬ, ਭਗਵਾਨ ਸਿੰਘ ਦੜਿਆਲਾ ਨੂੰ ਚੇਅਰਮੈਨ ਪੰਜਾਬ ਅਤੇ ਨਿਰਵੈਰ ਸਿੰਘ ਸਿੰਧੀ ਨੂੰ ਸੀਨੀਅਰ ਮੀਤ ਪ੍ਰਧਾਨ ਪੰਜਾਬ ਨਿਯੁਕਤ ਕੀਤਾ ਗਿਆ। ਇਸ ਮੌਕੇ ਹਰਭਜਨ ਸਿੰਘ ਦੜਿਆਲਾ ਨੇ ਸਾਰੇ ਮੈਂਬਰਾਂ ਦਾ ਦਿਲੋਂ ਧੰਨਵਾਦ ਕੀਤਾ ਅਤੇ ਭਰੋਸਾ ਦਵਾਉਂਦੇ ਹੋਏ ਕਿਹਾ ਕਿ ਮੈਂ ਦਿੱਤੀ ਗਈ ਜਿੰਮੇਵਾਰੀ ਨੂੰ ਤਨ ਦੇਨੀ ਨਾਲ ਨਿਭਾਵਾਂਗਾ ਅਤੇ ਸਾਰੀ ਰਾਮਗੜ੍ਹੀਆ ਬਰਾਦਰੀ ਨੂੰ ਬਨਦਾ ਮਾਨ ਸਨਮਾਨ ਦੇਵਾਂਗਾ, ਸਾਰੇ ਭਰਾਵਾਂ ਦੇ ਮੋਡੇ ਨਾਲ ਮੋਡਾ ਜੋੜ ਕੇ ਚੱਲਾਂਗਾ, ਕਿਸੇ ਨੂੰ ਵੀ ਸ਼ਿਕਾਇਤ ਦਾ ਮੌਕਾ ਨਹੀਂ ਆਉਣ ਦਿੱਤਾ ਜਾਵੇਗਾ। ਇਸ ਮੌਕੇ ਅਰਪਿੰਦਰ ਸਿੰਘ ਜੱਬਲ, ਸੁਖਮਿੰਦਰ ਸਿੰਘ ਜੱਬਲ, ਪਰਮਜੀਤ ਸਿੰਘ ਕਲਸੀ ਮੈਂਬਰ ਜਰਨਲ ਕੌਂਸਲ ਸ਼੍ਰੋਮਣੀ ਅਕਾਲੀ ਦਲ, ਪਰਮਿੰਦਰ ਸਿੰਘ ਪਿੰਟੂ ਸਾਬਕਾ ਐਮ ਸੀ, ਹਰਨੇਕ ਸਿੰਘ ਮਠਾੜੂ, ਦਵਿੰਦਰ ਸਿੰਘ ਕਲਸੀ ਜਿਲਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਬੀਸੀ ਵਿੰਗ, ਜਗਜੀਤ ਸਿੰਘ ਵਸੰਤ, ਜਗਜੀਤ ਸਿੰਘ ਭੁੱਲਰ, ਰਜਿੰਦਰ ਸਿੰਘ ਸੱਗੂ, ਪ੍ਰਦੀਪ ਸਿੰਘ ਭੁੱਲਰ, ਸਤਨਾਮ ਸਿੰਘ ਰਿਆਣ, ਬੂਟਾ ਸਿੰਘ ਹਰਿਆਣਾ, ਹਰਵਿੰਦਰ ਸਿੰਘ ਦੇਵਗੁਣ, ਜਸਬੀਰ ਸਿੰਘ ਕਲਸੀ ਜਨਰਲ ਸਕੱਤਰ ਪੰਜਾਬ, ਅੰਗਰੇਜ਼ ਸਿੰਘ ਕਲਸੀ, ਗੁਰਪ੍ਰੀਤ ਸਿੰਘ ਕਲਸੀ, ਕਸ਼ਮੀਰ ਸਿੰਘ ਭੁੱਲਰ ਐਮ.ਸੀ, ਸੁਰਿੰਦਰ ਸਿੰਘ ਸੋਹਲ, ਪਰਮਿੰਦਰ ਸਿੰਘ ਡੀਸੀ, ਭੁਪਿੰਦਰ ਸਿੰਘ ਠੇਠੀ, ਅਵਤਾਰ ਸਿੰਘ ਠੇਠੀ, ਸੁਰਜੀਤ ਸਿੰਘ ਦੜਿਆਲਾ, ਮੇਹਰ ਸਿੰਘ ਕਲਸੀ, ਸੁਰਿੰਦਰ ਸਿੰਘ ਲੋਟੇ, ਸੁਖਚੈਨ ਸਿੰਘ ਖਾਲਸਾ, ਜਸਵਿੰਦਰ ਸਿੰਘ ਸੰਧੂ, ਹਰਵਿੰਦਰ ਸਿੰਘ ਧੰਜਲ, ਬਲਦੇਵ ਸਿੰਘ, ਅਮਰ ਸਿੰਘ ਗਾਬੜੀਆ, ਗੁਰਿੰਦਰ ਸਿੰਘ ਗਾਬੜੀਆ, ਜਰਨੈਲ ਸਿੰਘ ਗਾਬੜੀਆ, ਬਲਵਿੰਦਰ ਸਿੰਘ ਕਲਸੀ, ਪਿੱਪਲ ਸਿੰਘ ਨਾਗੀ, ਪ੍ਰੀਤਮ ਸਿੰਘ ਭੁੱਲਰ, ਇੰਦਰਜੀਤ ਸਿੰਘ ਏਦਨ, ਮੁਖਤਿਆਰ ਸਿੰਘ ਵਿਰਦੀ ਸ਼ਾਮਿਲ ਸਨ।

### ਸਿੱਖਿਆ ਵਿੱਚ ਲੁੱਟ ਵਿਰੁੱਧ ਵਜਿਆ ਬਿਗਲ

# ਕ੍ਰਿਸ਼ਨਾ ਸੋਸ਼ਲ ਵੈਲਫੇਅਰ ਟਰੱਸਟ ਨੇ ਬਣਾਈ ਨਵੀਂ ਟੀਮ

ਨਵੀਂ ਦਿੱਲੀ 12 ਅਪ੍ਰੈਲ (ਮਨਪ੍ਰੀਤ ਸਿੰਘ ਖਾਲਸਾ):– ਨਿੱਜੀ ਸਕੂਲਾਂ ਵੱਲੋਂ ਫੀਸਾਂ, ਕਿਤਾਬਾਂ ਅਤੇ ਸਕੂਲ ਵਰਦੀਆਂ ਦੇ ਨਾਮ 'ਤੇ ਮਨਮਾਨੇ ਢੰਗ ਨਾਲ ਵਸੂਲੀ ਦਾ ਮੁੱਦਾ ਗਰਮਾਉਂਦਾ ਜਾ ਰਿਹਾ ਹੈ। ਮਾਪੇ ਦਿਨੋਂ ਦਿਨ ਆਪਣਾ ਗੁੱਸਾ ਜ਼ਾਹਰ ਕਰਦੇ ਹੋਏ ਵੱਧ ਰਹੇ ਹਨ। ਇਸ ਦੇ ਜਵਾਬ ਵਿੱਚ, ਕ੍ਰਿਸ਼ਨਾ ਸੋਸ਼ਲ ਵੈਲਫੇਅਰ ਟਰੱਸਟ ਨੇ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਮਿਲ ਕੇ ਨਜਫਗੜ੍ਹ ਦੇ ਇਮੇਜਿੰਗ ਟੇਸਟੀ ਰੈਸਟੋਰੈਂਟ ਵਿੱਚ ਇੱਕ ਪ੍ਰੈਸ ਕਾਨਫਰੰਸ ਕੀਤੀ। ਟਰੱਸਟ ਦੇ ਪ੍ਰਧਾਨ ਪਰਮਜੀਤ ਸਿੰਘ ਪੰਮਾ ਅਤੇ ਰਾਜੇਸ਼ ਚੌਹਾਨ ਇਸ ਮੌਕੇ ਮੌਜੂਦ ਸਨ। ਇਸ ਮੌਕੇ, ਕ੍ਰਿਸ਼ਨਾ ਸੋਸ਼ਲ ਵੈਲਫੇਅਰ ਟਰੱਸਟ ਨੇ ਇੱਕ ਨਵੀਂ ਸਿੱਖਿਆ ਵਿੰਗ ਟੀਮ ਬਣਾਈ। ਪ੍ਰੈਸ ਕਾਨਫਰੰਸ ਦੌਰਾਨ, ਟਰੱਸਟ ਨੇ ਨਵੀਂ ਸਿੱਖਿਆ ਵਿੰਗ ਟੀਮ ਦਾ ਵੀ ਐਲਾਨ ਕੀਤਾ, ਜਿਸ ਵਿੱਚ ਡਾ. ਇੰਦੂ ਵਰਮਾ, ਰਾਜੇਸ਼ ਕੁਮਾਰ, ਅਮਨ ਕੁਮਾਰ ਬਾਂਸਲ, ਐਡਵੋਕੇਟ ਕਰਮਵੀਰ ਅਤੇ ਸੰਤੋਸ਼ ਯਾਦਵ ਸ਼ਾਮਲ ਸਨ। ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਪਰਮਜੀਤ ਸਿੰਘ ਪੰਮਾ ਅਤੇ ਰਾਜੇਸ਼ ਚੌਹਾਨ ਨੇ ਕਿਹਾ ਕਿ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਸਕੂਲ ਪ੍ਰਬੰਧਨ ਮਨਮਾਨੇ ਢੰਗ ਨਾਲ ਕੰਮ ਕਰਨਾ ਜਾਰੀ ਰੱਖਦੇ ਹਨ, ਜਦੋਂ ਕਿ ਸਰਕਾਰ ਅਤੇ ਪ੍ਰਸ਼ਾਸਨ ਪੂਰੀ ਤਰ੍ਹਾਂ ਚੁੱਪ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਸਕੂਲ ਕਿਤਾਬਾਂ ਅਤੇ ਵਰਦੀਆਂ ਲਈ ਬਹੁਤ ਜ਼ਿਆਦਾ ਕੀਮਤਾਂ ਵਸੂਲ ਰਹੇ ਹਨ। ਬਾਜ਼ਾਰ ਵਿੱਚ ਲਗਭਗ 2000 ਤੋਂ 2500 ਵਿੱਚ ਮਿਲਣ ਵਾਲੀਆਂ ਕਿਤਾਬਾਂ ਸਕੂਲਾਂ ਵਿੱਚ 8000 ਤੋਂ 8500 ਵਿੱਚ ਵਿਕ ਰਹੀਆਂ ਹਨ। ਮਾਪਿਆਂ 'ਤੇ ਵੀ ਸਿਰਫ਼ ਸਕੂਲ ਤੋਂ ਕਿਤਾਬਾਂ ਖਰੀਦਣ ਲਈ ਦਬਾਅ ਪਾਇਆ ਜਾ ਰਿਹਾ ਹੈ। ਪਰਮਜੀਤ ਸਿੰਘ ਪੰਮਾ ਅਤੇ ਰਾਜੇਸ਼ ਚੌਹਾਨ ਨੇ ਅੱਗੇ ਕਿਹਾ ਕਿ ਇਹ ਪ੍ਰਣਾਲੀ ਪਰਿਵਾਰਾਂ 'ਤੇ ਵਿੱਤੀ ਬੋਝ ਵਧਾ ਰਹੀ ਹੈ ਅਤੇ ਬਹੁਤ ਸਾਰੇ ਮਾਪਿਆਂ ਨੂੰ ਕਰਜ਼ਾ ਲੈਣ ਲਈ ਮਜਬੂਰ ਕਰ ਰਹੀ ਹੈ। ਅਜਿਹੇ ਮਾਹੌਲ ਵਿੱਚ ਪੜ੍ਹ ਰਹੇ ਬੱਚੇ ਮਾਨਸਿਕ ਤੌਰ 'ਤੇ ਵੀ ਪ੍ਰਭਾਵਿਤ ਹੁੰਦੇ ਹਨ, ਜੋ ਭਵਿੱਖ ਵਿੱਚ ਸਮਾਜ ਪ੍ਰਤੀ ਉਨ੍ਹਾਂ ਦੀ ਸੋਚ ਅਤੇ ਦ੍ਰਿਸ਼ਟੀਕੋਣ ਨੂੰ ਪ੍ਰਭਾਵਤ ਕਰ ਸਕਦੇ ਹਨ। ਇਸਨੂੰ ਇੱਕ ਭ੍ਰਿਸ਼ਟ ਪ੍ਰਣਾਲੀ ਦੀ ਸ਼ੁਰੂਆਤ ਦੱਸਦਿਆਂ, ਉਨ੍ਹਾਂ ਕਿਹਾ ਕਿ ਸਿੱਖਿਆ ਹਮੇਸ਼ਾ ਪਹੁੰਚਯੋਗ ਅਤੇ ਕਿਫਾਇਤੀ ਹੋਣੀ ਚਾਹੀਦੀ ਹੈ, ਤਾਂ ਜੋ ਹਰ ਬੱਚਾ ਬਿਨਾਂ ਕਿਸੇ ਵਿੱਤੀ ਦਬਾਅ ਦੇ ਪੜ੍ਹਾਈ ਕਰ ਸਕੇ ਅਤੇ ਦੇਸ਼ ਅਤੇ ਸਮਾਜ ਦੀ ਸੇਵਾ ਕਰ ਸਕੇ। ਇਸ ਮੌਕੇ, ਕ੍ਰਿਸ਼ਨਾ ਸੋਸ਼ਲ ਵੈਲਫੇਅਰ ਟਰੱਸਟ ਨੇ "ਸਿੱਖਿਆ ਬੈਂਕ" ਦੀ ਸ਼ੁਰੂਆਤ ਦਾ ਵੀ ਐਲਾਨ ਕੀਤਾ। ਇਸ ਪਹਿਲਕਦਮੀ ਤਹਿਤ, ਲੋੜਵੰਦ ਬੱਚਿਆਂ ਨੂੰ ਕਿਤਾਬਾਂ ਅਤੇ ਵਿਦਿਅਕ ਸਮੱਗਰੀ ਪ੍ਰਦਾਨ ਕਰਨ ਵਿੱਚ ਸਹਾਇਤਾ ਪ੍ਰਦਾਨ ਕੀਤੀ ਜਾਵੇਗੀ, ਤਾਂ ਜੋ ਕੋਈ ਵੀ ਬੱਚਾ ਵਿੱਤੀ ਤੰਗੀਆਂ ਕਾਰਨ ਸਿੱਖਿਆ ਤੋਂ ਵਾਂਝਾ ਨਾ ਰਹੇ।




ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
ਆਵਾਜ਼ਿ ਕੌਮ AWAZE QAUM International Newspaper & WEB TV

## ਅਮਨਦੀਪ ਹਸਪਤਾਲ ਫਿਰੋਜ਼ਪੁਰ ਤੇ ਉਜਾਲਾ ਸਿਗਨਸ ਨੇ ਰੋਬੋਟਿਕ ਜੁਆਇੰਟ ਰਿਪਲੇਸਮੈਂਟ ਵਿੱਚ ਅੰਤਰਰਾਸ਼ਟਰੀ ਕਲੀਨਿਕਲ ਫੈਲੋਸ਼ਿਪ ਪੂਰੀ ਕਰਨ ਤੇ ਦਿੱਤੀ ਵਧਾਈ

ਫ਼ਿਰੋਜ਼ਪੁਰ, 12 ਅਪ੍ਰੈਲ (ਮਨੋਹਰ ਲਾਲ) :—ਅਮਨਦੀਪ ਹਸਪਤਾਲ ਫਿਰੋਜ਼ਪੁਰ ਨੇ ਉਜਾਲਾ ਸਿਗਨਸ ਦੇ ਸਹਿਯੋਗ ਨਾਲ ਐਲਾਨ ਕੀਤਾ ਕਿ ਡਾ: ਕਨਿਸ਼ ਕਿਨਰਾ (ਕੰਸਲਟੈਂਟ ਆਰਥੋਪੈਡਿਕਸ) ਨੇ ਹੈਲੀਓਸ ਐਂਡੋ ?ਕਲੀਨਿਕ, ਹੈਮਬਰਗ, ਜਰਮਨੀ ਤੋਂ ਕੰਪਲੈਕਸ ਪ੍ਰਾਇਮਰੀ ਅਤੇ ਰਿਵੀਜ਼ਨ ਹਿਪ ਅਤੇ ਨੀ ਆਰਥਰੋਪਲਾਸਟੀ (ਗੋਡੇ ਅਤੇ ਕੂਲ੍ਹੇ ਦੇ ਜੋੜ ਬਦਲਣ) ਸਮੇਤ ਰੋਬੋਟਿਕ ਸਰਜਰੀ ਵਿੱਚ ਵੱਕਾਰੀ ਕਲੀਨਿਕਲ ਫੈਲੋਸ਼ਿਪ ਪ੍ਰੋਗਰਾਮ ਸਫਲਤਾਪੂਰਵਕ ਪੂਰਾ ਕਰ ਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਹਸਪਤਾਲ ਪ੍ਰਬੰਧਕਾਂ ਨੇ ਦੱਸਿਆ ਕਿ ਜੋੜ ਬਦਲਣ ਦੇ ਵਿਸ਼ਵ ਪ੍ਰਸਿੱਧ ਕੇਂਦਰ ਐਂਡੋ—ਕਲੀਨਿਕ ਹੈਮਬਰਗੋ ਵਿਖੇ ਡਾ: ਕਨਿਸ਼ ਕਿਨਰਾ ਦੀ ਉੱਨਤ ਸਿਖਲਾਈ, ਅਤਿ ਆਧੁਨਿਕ ਰੋਬੋਟਿਕ ਤਕਨੀਕ ਦੀ ਵਰਤੋਂ ਕਰਦਿਆਂ ਗੁੰਝਲਦਾਰ ਕੇਸਾਂ ਤੇ ਕੇਂਦਰਿਤ ਸੀ। ਇਹ ਪ੍ਰਾਪਤੀ ਸਪਰਸ਼ ਹਸਪਤਾਲ, ਬੈਂਗਲੂਰੂ ਤੋਂ ਉਨ੍ਹਾਂ ਦੀ ਪਹਿਲੀ ਜੁਆਇੰਟ ਰਿਪਲੇਸਮੈਂਟ ਫੈਲੋਸ਼ਿਪ ਵਿੱਚ ਇੱਕ ਹੋਰ ਮੀਲ ਪੱਥਰ ਜੋੜਦੀ ਹੈ ਅਤੇ ਵਿਸ਼ਵ ਪੱਧਰੀ ਆਰਥੋਪੈਡਿਕ ਦੇਖਭਾਲ ਪ੍ਰਦਾਨ ਕਰਨ ਵਿੱਚ ਉਨ੍ਹਾਂ ਦੀ ਮੁਹਾਰਤ ਨੂੰ ਹੋਰ ਮਜ਼ਬੂਤ ਕਰਦੀ ਹੈ। ਇਸ ਮੌਕੇ ਬੋਲਦਿਆਂ ਡਾਇਰੈਕਟਰ ਡਾ: ਅਮਨਦੀਪ ਕੌਰ ਨੇ ਕਿਹਾ, ਸਾਨੂੰ ਡਾ: ਕਨਿਸ਼ ਕਿਨਰਾ ਦੀ ਇਸ ਪ੍ਰਾਪਤੀ ਤੇ ਮਾਣ ਹੈ। ਉਨ੍ਹਾਂ ਕਿਹਾ ਕਿ ਰੋਬੋਟਿਕ ਅਤੇ ਰਿਵੀਜ਼ਨ ਜੁਆਇੰਟ ਰਿਪਲੇਸਮੈਂਟ ਸਰਜਰੀ ਵਿੱਚ ਉਨ੍ਹਾਂ ਦੀ ਅੰਤਰਰਾਸ਼ਟਰੀ ਸਿਖਲਾਈ ਸਿੱਧੇ ਤੌਰ ਤੇ ਪੰਜਾਬ ਅਤੇ ਆਸ—ਪਾਸ ਦੇ ਖੇਤਰਾਂ ਦੇ ਮਰੀਜ਼ਾਂ ਲਈ ਉੱਨਤ ਅਤੇ ਘੱਟ ਚੀਰ ਫਾੜ ਵਾਲੇ ਆਰਥੋਪੈਡਿਕ ਹੱਲ ਲਿਆਉਣ ਦੇ ਸਾਡੇ ਸਾਂਝੇ ਮਿਸ਼ਨ ਨਾਲ ਮੇਲ ਖਾਂਦੀ ਹੈ। ਇਹ ਕਦਮ ਸਾਨੂੰ ਸੁਰੱਖਿਅਤ, ਵਧੇਰੇ ਸਹੀ ਅਤੇ ਤੇਜ਼ੀ ਨਾਲ ਠੀਕ ਹੋਣ ਵਾਲੀਆਂ ਜੋੜ ਬਦਲਣ ਦੀਆਂ ਪ੍ਰਕਿਰਿਆਵਾਂ ਤੱਕ ਪਹੁੰਚ ਵਧਾਉਣ ਵਿੱਚ ਮਦਦ ਕਰੇਗਾ। ਗੱਲਬਾਤ ਕਰਦਿਆਂ ਡਾ: ਕਨਿਸ਼ ਕਿਨਰਾ (ਕੰਸਲਟੈਂਟ ਆਰਥੋਪੈਡਿਕਸ) ਨੇ ਕਿਹਾ, ਐਂਡੋ—ਕਲੀਨਿਕ ਹੈਮਬਰਗ ਵਿਖੇ ਸਿਖਲਾਈ ਲੈਣਾ ਇੱਕ ਬਦਲਾਅਕਾਰੀ ਅਨੁਭਵ ਰਿਹਾ ਹੈ। ਰੋਬੋਟਿਕ ਸਹਾਇਤਾ ਪ੍ਰਾਪਤ ਜੋੜ ਬਦਲਣ ਦੀ ਤਕਨੀਕ ਗੁੰਝਲਦਾਰ ਕੇਸਾਂ ਵਿੱਚ ਬੇਮਿਸਾਲ ਸ਼ੁੱਧਤਾ ਪ੍ਰਦਾਨ ਕਰਦੀ ਹੈ, ਜਿਸਦਾ ਮਤਲਬ ਹੈ ਮਰੀਜ਼ਾਂ ਲਈ ਘੱਟ ਦਰਦ, ਛੋਟੇ ਕੱਟ ਅਤੇ ਜਲਦੀ ਸਿਹਤਯਾਬੀ ਹੈ। ਉਨ੍ਹਾਂ ਕਿਹਾ ਕਿ ਮੈਂ ਫਿਰੋਜ਼ਪੁਰ ਵਿੱਚ ਦੇਖਭਾਲ ਦੇ ਇਨ੍ਹਾਂ ਗਲੋਬਲ ਮਾਪਦੰਡਾਂ ਨੂੰ ਲਿਆਉਣ ਲਈ ਉਤਸ਼ਾਹਿਤ ਹਾਂ, ਤਾਂ ਜੋ ਸਾਡੇ ਮਰੀਜ਼ਾਂ ਨੂੰ ਹੁਣ ਉਨਤ ਇਲਾਜ ਲਈ ਮੈਟਰੋ ਸ਼ਹਿਰਾਂ ਵਿੱਚ ਜਾਣ ਦੀ ਲੋੜ ਨਾ ਪਵੇ। ਇਸ ਫੈਲੋਸ਼ਿਪ ਦੇ ਨਾਲ ਡਾ: ਕਿਨਰਾ ਉਜਾਲਾ ਸਿਗਨਸ ਦੇ ਸਹਿਯੋਗ ਨਾਲ ਅਮਨਦੀਪ ਹਸਪਤਾਲ ਫਿਰੋਜ਼ਪੁਰ ਵਿਖੇ ਇੱਕ ਸਮਰਪਿਤ ਰੋਬੋਟਿਕ ਜੁਆਇੰਟ ਰਿਪਲੇਸਮੈਂਟ ਪ੍ਰੋਗਰਾਮ ਦੀ ਅਗਵਾਈ ਕਰਨਗੇ। ਉਨ੍ਹਾਂ ਕਿਹਾ ਕਿ ਗਠੀਆ, ਫੇਲ੍ਹ ਹੋਏ ਜੋੜ ਬਦਲਣ ਦੇ ਕੇਸਾਂ ਅਤੇ ਗੁੰਝਲਦਾਰ ਜੋੜਾਂ ਦੀਆਂ ਬਿਮਾਰੀਆਂ ਤੋਂ ਪੀੜਤ ਮਰੀਜ਼ਾਂ ਨੂੰ ਹੁਣ ਆਪਣੇ ਘਰ ਦੇ ਨੇੜੇ ਹੀ ਵਿਸ਼ਵ ਪੱਧਰੀ ਇਲਾਜ ਦੀਆਂ ਸਹੂਲਤਾਂ ਮਿਲਣਗੀਆਂ।



## ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਅਕੈਡਮੀ ਬੁਰਜ ਮੱਖਣ ਸਿੰਘ ਵਾਲਾ ਦੀ 8ਵੀਂ ਕਲਾਸ ਦੀ ਵਿਦਿਆਰਥਣ ਸੁਖਪਿੰਦਰ ਕੌਰ ਨੇ ਸਕੂਲ ਵਿਚੋਂ ਪ੍ਰਾਪਤ ਕੀਤਾ ਪਹਿਲਾ ਸਥਾਨ




**ਫ਼ਿਰੋਜ਼ਪੁਰ, 12 ਅਪ੍ਰੈਲ (ਮਨੋਹਰ ਲਾਲ) :—** ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਅਕੈਡਮੀ ਬੁਰਜ ਮੱਖਣ ਸਿੰਘ ਵਾਲਾ ਦੀ 8ਵੀਂ ਕਲਾਸ ਦੀ ਵਿਦਿਆਰਥਣ ਸੁਖਪਿੰਦਰ ਕੌਰ ਸਪੁੱਤਰੀ ਗਿਆਨੀ ਸੁਖਜਿੰਦਰ ਸਿੰਘ ਖਾਲਸਾ ਪ੍ਰਧਾਨ ਇੰਟਰਨੈਸ਼ਨਲ ਪੰਥਕ ਦਲ ਫਰੀਦਕੋਟ ਨੇ ਸਕੂਲ ਵਿਚੋਂ ਪਹਿਲਾ ਅਸਥਾਨ ਪ੍ਰਾਪਤ ਕੀਤਾ, ਜਿਨ੍ਹਾਂ ਨੇ 600 ਵਿਚੋਂ 554 ਨੰਬਰ ਪ੍ਰਾਪਤ ਕੀਤੇ। ਇਸ ਮੌਕੇ ਤੇ ਸੰਤ ਗਿਆਨੀ ਕਰਤਾਰ ਸਿੰਘ ਜੀ ਖਾਲਸਾ ਅਕੈਡਮੀ ਦੇ ਪ੍ਰਬੰਧਕਾਂ ਨੇ ਬੱਚੀ ਦੇ ਮਾਂ—ਬਾਪ ਨੂੰ ਵਧਾਈ ਦਿੱਤੀ। ਇਸ ਮੌਕੇ ਤੇ ਦਮਦਮੀ ਟਕਸਾਲ ਦੇ ਮੁਖੀ ਸਤਿਕਾਰਯੋਗ ਸ੍ਰੀਮਾਨ ਸੰਤ ਗਿਆਨੀ ਹਰਨਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਵੀ ਮੈਰਿਟ ਵਿਚ ਆਉਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਅਤੇ ਅਸ਼ੀਰਵਾਦ ਦਿੱਤਾ। ਇਸ ਮੌਕੇ ਤੇ ਪ੍ਰਿੰਸੀਪਲ ਹਰਸ਼ਦੀਪ ਸਿੰਘ (ਦਸਮੇਸ਼ ਅਦਾਰਾ), ਪ੍ਰਿੰਸੀਪਲ ਗੁਰਦੀਪ ਸਿੰਘ ਖਾਲਸਾ ਕਾਲਜ ਮਹਿਤਾ, ਡਾਕਟਰ ਅਰਜੁਨ ਸਿੰਘ, ਮੈਡਮ ਪ੍ਰਭਜੀਤ ਕੌਰ ਅਤੇ ਸਮੁੱਚੇ ਸਟਾਫ ਨੇ ਵੀ ਬੱਚੀ ਸੁਖਪਿੰਦਰ ਕੌਰ ਨੂੰ ਦਿਲ ਦੀਆਂ ਗਹਿਰਾਈਆਂ ਨਾਲ ਵਧਾਈ ਦਿੱਤੀ। ਇਸ ਮੌਕੇ ਤੇ ਲੜਕੀ ਸੁਖਪਿੰਦਰ ਕੌਰ ਦੇ ਪਿਤਾ ਗਿਆਨੀ ਸੁਖਜਿੰਦਰ ਸਿੰਘ ਖਾਲਸਾ ਪ੍ਰਧਾਨ ਪਿੰਡ ਹਰਦਿਆਲੇਆਣਾ ਇੰਟਰਨੈਸ਼ਨਲ ਪੰਥਕ ਦਲ ਨੇ ਸੰਤ ਗਿਆਨੀ ਕਰਤਾਰ ਸਿੰਘ ਖਾਲਸਾ ਅਕੈਡਮੀ ਬੁਰਜ ਮੱਖਣ ਸਿੰਘ ਵਾਲਾ ਦੇ ਪ੍ਰਬੰਧਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਖਾਸ ਕਰਕੇ ਡਾਕਟਰ ਅਰਜਨ ਸਿੰਘ ਸਕੂਲ ਪ੍ਰਿੰਸੀਪਲ ਅਤੇ ਮੈਡਮ ਪ੍ਰਭਜੀਤ ਕੌਰ ਅਤੇ ਸਮੁੱਚੇ ਸਟਾਫ ਦਾ ਧੰਨਵਾਦ ਕੀਤਾ, ਜਿਨ੍ਹਾਂ ਦੀ ਮਿਹਨਤ ਸਦਕਾ ਬੇਟੀ ਸੁਖਪਿੰਦਰ ਕੌਰ ਨੇ ਸਕੂਲ ਦਾ ਨਾਮ ਰੋਸ਼ਨ ਕੀਤਾ।

## ਜਲ ਸਪਲਾਈ ਕੰਟਰੈਕਟ ਵਰਕਰ ਯੂਨੀਅਨ ਵੱਲੋਂ ਵਿਸਾਖੀ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਮੁਬਾਰਕਾਂ

ਫ਼ਿਰੋਜ਼ਪੁਰ, 12 ਅਪ੍ਰੈਲ (ਮਨੋਹਰ ਲਾਲ) :— ਜਲ ਸਪਲਾਈ ਕੰਟਰੈਕਟ ਵਰਕਰ ਯੂਨੀਅਨ ਰਜਿ: ਨੰਬਰ 31 ਪੰਜਾਬ, ਜ਼ਿਲ੍ਹਾ ਫਿਰੋਜ਼ਪੁਰ ਦੇ ਸਮੂਹ ਆਗੂਆਂ ਵੱਲੋਂ ਸਮੂਹ ਸੰਗਤਾਂ ਅਤੇ ਕਿਸਾਨ ਭਰਾਵਾਂ ਨੂੰ ਵਿਸਾਖੀ ਦੇ ਪਾਵਨ ਦਿਹਾੜੇ ਅਤੇ ਖਾਲਸਾ ਸਾਜਨਾ ਦਿਵਸ ਦੀਆਂ ਲੱਖ—ਲੱਖ ਵਧਾਈਆਂ ਦਿੱਤੀਆਂ ਗਈਆਂ ਹਨ। ਇਸ ਮੌਕੇ ਯੂਨੀਅਨ ਦੇ ਸੂਬਾ ਅਤੇ ਜ਼ਿਲ੍ਹਾ ਪੱਧਰੀ ਆਗੂਆਂ ਨੇ ਆਪਣੀਆਂ ਸ਼ੁਭਕਾਮਨਾਵਾਂ ਸਾਂਝੀਆਂ ਕੀਤੀਆਂ, ਜਿਨ੍ਹਾਂ ਵਿਚ ਸਟੇਟ ਕਮੇਟੀ ਆਗੂ ਰੁਪਿੰਦਰ ਸਿੰਘ, ਜ਼ਿਲ੍ਹਾ ਫਿਰੋਜ਼ਪੁਰ ਪ੍ਰਧਾਨ ਬਲਜੀਤ ਸਿੰਘ ਅਤੇ ਸਰਕਲ ਪ੍ਰਧਾਨ ਬਲਕਾਰ ਸਿੰਘ ਸ਼ਾਮਲ ਹਨ। ਇਸ ਦੇ ਨਾਲ ਹੀ ਜ਼ਿਲ੍ਹਾ ਪ੍ਰੈਸ ਸਕੱਤਰ ਰਣਜੀਤ ਸਿੰਘ ਖਾਲਸਾ, ਜ਼ਿਲ੍ਹਾ ਖ਼ਜ਼ਾਨਚੀ ਬਲਜਿੰਦਰ ਸਿੰਘ ਗਿੱਲ ਅਤੇ ਜਨਰਲ ਸਕੱਤਰ ਹਰਜਿੰਦਰ ਸਿੰਘ ਨੇ ਵੀ ਸੰਗਤਾਂ ਨੂੰ ਇਸ ਪਵਿੱਤਰ ਦਿਹਾੜੇ ਦੀ ਵਧਾਈ ਦਿੰਦਿਆਂ ਆਪਸੀ ਭਾਈਚਾਰੇ ਅਤੇ ਖੁਸ਼ਹਾਲੀ ਦੀ ਕਾਮਨਾ ਕੀਤੀ। ਆਗੂਆਂ ਨੇ ਕਿਹਾ ਕਿ ਇਹ ਦਿਹਾੜਾ ਸਾਡੇ ਇਤਿਹਾਸ ਅਤੇ ਵਿਰਸੇ ਦੀ ਮਹਾਨਤਾ ਦਾ ਪ੍ਰਤੀਕ ਹੈ।



ਖਾਲਸਾ ਸਾਜਨਾ ਦਿਵਸ ਮੌਕੇ ਸਿਵਲ ਹਸਪਤਾਲ ਤਲਵੰਡੀ ਸਾਬੋ ਵਿੱਚ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੇ ਭੋਗ ਪਾਏ

# ਚਾਰ ਦਿੰਨਾ ਲੰਗਰ ਦੀ ਹੋਈ ਸ਼ੁਰੂਆਤ









**ਤਲਵੰਡੀ ਸਾਬੋ, 12 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)-** ਖਾਲਸਾ ਸਾਜਨਾ ਦਿਵਸ ਅਤੇ ਵਿਸਾਖੀ ਦੇ ਪਾਵਨ ਮੌਕੇ 'ਤੇ ਸ਼ਹੀਦ ਬਾਬਾ ਦੀਪ ਸਿੰਘ ਸਿਵਲ ਹਸਪਤਾਲ, ਤਲਵੰਡੀ ਸਾਬੋ ਵਿੱਚ ਆਤਮਿਕ ਸ਼ਾਂਤੀ ਅਤੇ ਚੜ੍ਹਦੀ ਕਲਾ ਦੀ ਅਰਦਾਸ ਲਈ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ ਅਤੇ ਵਿਸਾਖੀ ਨੂੰ ਸਮਰਪਿਤ ਚਾਰ ਦਿਨਾਂ ਲੰਗਰ ਦੀ ਸ਼ੁਰੂਆਤ ਕੀਤੀ ਗਈ। ਇਸ ਧਾਰਮਿਕ ਸਮਾਗਮ ਦੌਰਾਨ ਸੀਐਮਓ ਬਠਿੰਡਾ ਡਾ. ਤੁਪਿੰਦਰਜੋਤ ਕੌਸ਼ਲ ਅਤੇ ਸੀਨੀਅਰ ਮੈਡੀਕਲ ਅਫ਼ਸਰ ਰਵੀ ਕਾਂਤ ਦੀ ਹਾਜ਼ਰੀ ਵਿੱਚ ਸਮੂਹ ਸਟਾਫ ਵੱਲੋਂ ਭਗਤੀ ਭਾਵਨਾ ਨਾਲ ਸ਼ਮੂਲੀਅਤ ਕੀਤੀ ਗਈ। ਸਮਾਗਮ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਦਾ ਜਾਪ ਕਰਦੇ ਹੋਏ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਬੋਲਦੇ ਹੋਏ ਅਧਿਕਾਰੀਆਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਆਧਿਆਤਮਿਕ ਪ੍ਰੋਗਰਾਮ ਨਾ ਸਿਰਫ਼ ਮਨ ਨੂੰ ਸ਼ਾਂਤੀ ਦਿੰਦੇ ਹਨ, ਸਗੋਂ ਸੇਵਾ ਭਾਵਨਾ ਨੂੰ ਵੀ ਮਜ਼ਬੂਤ ਕਰਦੇ ਹਨ। ਹਸਪਤਾਲ ਦੇ ਸਟਾਫ ਨੇ ਮਿਲਜੁਲ ਕੇ ਵਿਸਾਖੀ ਦੀਆਂ ਵਧਾਈਆਂ ਸਾਂਝੀਆਂ ਕੀਤੀਆਂ, ਸਮਾਜ ਵਿੱਚ ਚੰਗੀ ਸਿਹਤ ਅਤੇ ਖੁਸ਼ਹਾਲੀ ਦੀ ਕਾਮਨਾ ਕੀਤੀ ਅਤੇ ਸੰਗਤ ਵਾਸਤੇ ਲੰਗਰਾਂ ਦੀ ਸ਼ੁਰੂਆਤ ਕੀਤੀ ਗਈ। ਸਮਾਗਮ ਦੇ ਅੰਤ ਵਿੱਚ ਗੁਰੂ ਕਾ ਲੰਗਰ ਵੀ ਵਰਤਾਇਆ ਗਿਆ, ਜਿਸ ਵਿੱਚ ਹਸਪਤਾਲ ਸਟਾਫ ਅਤੇ ਮਰੀਜ਼ਾਂ ਨੇ ਭਾਗ ਲਿਆ।

ਵਿਸਾਖੀ ਜੋੜ ਮੇਲੇ ਦੇ ਪਹਿਲੇ ਦਿਨ

# ਤਖਤ ਸ੍ਰੀ ਦਮਦਮਾ ਸਾਹਿਬ ਨਤਮਸਤਕ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ





ਤਲਵੰਡੀ ਸਾਬੋ, 12 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)– ਖਾਲਸਾ ਸਾਜਨਾ ਦਿਵਸ ਵਿਸਾਖੀ ਮੌਕੇ ਸਿੱਖ ਕੌਮ ਦੇ ਚੌਥੇ ਤਖਤ, ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਸਜਾਏ ਗਏ ਜੋੜ ਮੇਲੇ ਦੇ ਪਹਿਲੇ ਦਿਨ ਅੱਜ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਤਖਤ ਸਾਹਿਬ ਨਤਮਸਤਕ ਹੋਏ। ਤਖਤ ਸਾਹਿਬ ਪੁੱਜਣ ਤੇ ਕੈਬਨਿਟ ਰੈਂਕ ਪ੍ਰਾਪਤ ਹਲਕਾ ਵਿਧਾਇਕਾ ਬੀਬਾ ਬਲਜਿੰਦਰ ਕੌਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਜੀ ਆਇਆਂ ਆਖਿਆ। ਮੁੱਖ ਮੰਤਰੀ ਮਾਨ ਤੇ ਵਿਧਾਇਕਾ ਬਲਜਿੰਦਰ ਕੌਰ ਨੇ ਇਸ ਮੌਕੇ ਤਖਤ ਸਾਹਿਬ ਮੱਥਾ ਟੇਕਿਆ ਜਿੱਥੇ ਤਖਤ ਸਾਹਿਬ ਪ੍ਰਬੰਧਕਾਂ ਵੱਲੋਂ ਉਨਾਂ ਨੂੰ ਪ੍ਰਸਾਦਿ ਦੇ ਰੂਪ ਚ ਫੁੱਲਾਂ ਦੀ ਇੱਕ ਮਾਲਾ ਤੇ ਕੁਝ ਹੋਰ ਸਮਾਨ ਭੇਟ ਕੀਤਾ ਗਿਆ।ਮੱਥਾ ਟੇਕਣ ਉਪਰੰਤ ਗੱਲਬਾਤ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਮੁੱਚੇ ਸਿੱਖ ਜਗਤ ਨੂੰ ਖਾਲਸਾ ਸਾਜਨਾ ਦਿਵਸ ਦੀ ਵਧਾਈ ਦਿੰਦਿਆਂ ਕਿਹਾ ਕਿ ਅੱਜ ਤਖਤ ਸ੍ਰੀ ਦਮਦਮਾ ਸਾਹਿਬ ਦਰਸ਼ਨ ਕਰਕੇ ਉਨਾਂ ਨੂੰ ਮਾਨਸਿਕ ਤੌਰ ਤੇ ਸਕੂਨ ਮਿਲਿਆ ਹੈ ਤੇ ਉਨਾਂ ਇਸ ਮੌਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਹੈ। ਮੁੱਖ ਮੰਤਰੀ ਨੇ ਇਸ ਮੌਕੇ ਤਖਤ ਸਾਹਿਬ ਦੇ ਦਰਸ਼ਨਾਂ ਲਈ ਪੁੱਜੇ ਹੋਏ ਸ਼ਰਧਾਲੂਆਂ ਨਾਲ ਵੀ ਗੱਲਬਾਤ ਕੀਤੀ। ਉਨਾਂ ਨਾਲ ਵਿਧਾਇਕਾ ਬਲਜਿੰਦਰ ਕੌਰ ਤੋਂ ਇਲਾਵਾ ਡਿਪਟੀ ਕਮਿਸ਼ਨਰ ਬਠਿੰਡਾ ਰਾਜੇਸ਼ ਧੀਮਾਨ, ਵਿਧਾਇਕਾ ਦੇ ਪਿਤਾ ਤੇ ਪੰਥਕ ਆਗੂ ਜਥੇਦਾਰ ਦਰਸ਼ਨ ਸਿੰਘ ਜਗਾ ਰਾਮ ਤੀਰਥ, ਐਡਵੋਕੇਟ ਉਦੈਵੀਰ ਸਿੰਘ ਜਗਾ, ਬਲਵਿੰਦਰ ਸਿੰਘ ਬੱਲੋ੍ਹ ਚੇਅਰਮੈਨ ਮਾਰਕਿਟ ਕਮੇਟੀ ਮੌੜ, ਜਸਵਿੰਦਰ ਕੌਰ ਸਰਪੰਚ ਜਗਾ ਰਾਮ ਤੀਰਥ, ਗੁਰਤੇਜ ਸਿੰਘ ਜੋਗੇਵਾਲਾ, ਕੇਵਲ ਸਿੰਘ ਨਿੱਜੀ ਸਹਾਇਕ ਆਦਿ ਮੌਜੂਦ ਨਜ਼ਰ ਆਏ।

# ਉਹ ਡਾਇਰੀ ਦੇ ਵਰਕੇ ਫਰੋਲਦਾ ਰਹਿੰਦਾ ਸੀ



ਥੋੜ੍ਹੇ ਕੁ ਦਿਨਾਂ ਦੀ ਗੱਲ ਹੈ ਕਿ ਮੇਰੇ ਬੇਟੇ ਦਾ ਇੱਕ ਸੀਨੀਅਰ ਅਫਸਰ ਸੀ ਉਹਨਾਂ ਦੀ ਰਿਟਾਇਰਮੈਂਟ ਹੋਈ ਨੂੰ ਲੱਗਭਗ ਛੇ ਕੁ ਮਹੀਨੇ ਹੋਏ ਸਨ । ਉਹ ਇਕ ਬਹੁਤ ਹੀ ਚੰਗੇ ਸੁਭਾਅ ਦਾ ਹਸਮੁੱਖ ਇਨਸਾਨ ਸੀ । ਨੌਕਰੀ ਦੁਰਾਨ ਉਹਨਾਂ ਨੇ ਕਦੇ ਵੀ ਆਪਣੇ ਜੂਨੀਅਰਾਂ ਨੂੰ ਝਿੜਕਿਆ ਨਹੀਂ ਸੀ । ਜੇ ਕਿਸੇ ਤੋਂ ਕੋਈ ਕੰਮ ਕਰਦਿਆਂ ਗਲਤੀ ਵੀ ਹੋ ਜਾਣੀ ਤਾਂ ਉਹਨਾਂ ਨੇ ਆਪਣੇ ਕੋਲ ਬੁਲਾ ਕੇ ਇੰਝ ਸਮਝਾਉਣਾ, ਜਿਵੇ ਪਿਤਾ ਅਪਣਿਆ ਪੁੱਤਰਾਂ ਨੂੰ ਸਮਝਾਉਂਦਾ ਹੈ । ਸਮਝਾਉਂਦੇ ਹੋਏ ਕਹਿਣਾ ਮੈ ਵੀ ਤੁਹਾਡੇ ਵਾਂਗੂ ਬੜੀਆਂ ਗਲਤੀਆਂ ਕਰਦਾ ਹੁੰਦਾ ਸੀ । ਫਿਰ ਮੇਰੇ ਸੀਨੀਅਰ ਨੇ ਕਹਿਣਾ ਇੰਝ ਨਹੀਂ ਇੰਝ ਕਰੀਦਾ ਹੈ ਕੰਮ । ਹਰ ਇੱਕ ਨਾਲ ਹਸਦੇ ਖੇਡਦੇ ਰਹਿਣਾ ,ਤੁਰਦੇ ਫਿਰਦੇ ਨੇ ਸਟਾਫ ਕੋਲ ਆ ਜਾਣਾ । ਬੜੇ ਪਿਆਰ ਨਾਲ ਕਹਿਣਾ ਕਿ ਆਪਣਾ ਆਹ ਕੰਮ ਕਰਨ ਵਾਲਾ ਰਹਿੰਦਾ ਹੈ । ਜ਼ਰਾ ਵਕਤ ਮਿਲੇ ਤਾਂ ਕਰ ਲਿਓ । ਕੋਈ ਗੱਲ ਨਹੀਂ ਅਗਰ ਅੱਜ ਨਾ ਵਕਤ ਮਿਲੇ ਤਾਂ ਕੱਲ ਨੂੰ ਕਰ ਲੈਣਾ । ਬਾਕੀ ਚਿੰਤਾ ਨਹੀਂ ਕਰਨੀ ਅਗਰ ਤੁਹਾਡੇ ਤੋਂ ਨਾ ਹੋਇਆ ਤਾਂ ਮੈਨੂੰ ਦਸ ਦਿਉ ,ਮੈ ਕਰ ਦੇਵਾਂਗਾ । ਮੈ ਵਿਹਲੇ ਨੇ ਕੀ ਕਰਨਾ । ਇੱਕ ਡਾਕ ਉਤੇ ਘੁੱਗੀ ਹੀ ਮਾਰਨੀ ਹੁੰਦੀ ਹੈ । ਮੇਰਾ ਕਿਹੜਾ ਕੁੱਝ ਘੱਟਣ ਲੱਗਾ ਹੈ । ਬੇਸ਼ਕ ਸਟਾਫ ਤੋਂ ਕੰਮ ਵੀ ਪੂਰਾ ਲੈ ਲੈਣਾ । ਤੇ ਕਿਸੇ ਨੂੰ ਦੁਖੀ ਵੀ ਨਹੀਂ ਹੋਣ ਦੇਣਾ । ਸਾਰੇ ਸਟਾਫ ਤੋਂ ਖੁਸ ਰਹਿੰਦਾ ਸੀ । ਪਰ ਪੈਸੇ ਦਾ ਪੱਕਾ ਪੀਰ ਸੀ । ਤੁਰਦੇ ਫਿਰਦੇ ਨੇ ਪੁੱਛ ਲੈਣਾ ਕਿ ਫਲਾਣਾ ਆਦਮੀ ਕਿਵੇਂ ਆਇਆ ਸੀ । ਕੀ ਕਹਿੰਦਾ ਸੀ ਕੋਈ ਜੇਬ ਵੀ ਗਰਮ ਕਰਕੇ ਗਿਆ ਹੈ ਜਾਂ ਐਵੇ ਹੀ ਵਾਪਿਸ ਪਰਤ ਗਿਆ ਹੈ । ਇਹਨਾਂ ਲੋਕਾਂ ਦਾ ਕੰਮ ਕਰ ਦਿਆਂ ਕਰੋ । ਆਪਾਂ ਕਿਹੜੇ ਪੈਸੇ ਆਪਣੀ ਜੇਬ ਵਿੱਚੋ ਦੇਣੇ ਹਨ । ਸਰਕਾਰ ਤੋਂ ਪੈਸੇ ਆਉਣੇ ਨੇ । ਅਗਰ ਇਹਨਾਂ ਨੂੰ ਕੁੱਝ ਮਿਲੇਗਾ ਤਾਂ ਹੀ ਆਪਣੀ ਕੁੱਝ ਮੁੱਠ ਵਿੱਚ ਆਵੇਗਾ । ਸਾਰਿਆਂ ਨੇ ਹੱਸਦੇ ਹੱਸਦੇ ਕਹਿ ਦੇਣਾ ਕਿ ਸਾਬ ਜੀ , ਜਦੋ ਤੁਸੀਂ ਪੈਨਸ਼ਨ ਪਾ ਕੇ ਚਲੇ ਗਏ । ਫਿਰ ਤੁਹਾਡੀ ਮੁੱਠੀ ਦਾ ਕੀ ਬਣੇਗਾ । ਗੱਲ ਸੁਣਦਿਆਂ ਹੀ ਉਸ ਦਾ ਸਾਰਾ ਹਾਸਾ ਬੰਦ ਹੋ ਜਾਣਾ । ਉਸ ਨੇ ਲੰਬੇ ਲੰਬੇ ਸਾਹ ਲੈਣ ਲੱਗ ਜਾਣਾ । ਕਹਿਣਾ ਕਿ ਫਿਰ ਕਿ ਹੋਇਆ ਸਾਰੀ ਉਮਰ ਪੈਸਾ ਹੀ ਕਮਾਇਆ ਹੈ । ਉਹ ਗੱਲ ਵੱਖਰੀ ਹੈ ਕੀ ਪੈਸਾ ਜੋੜਿਆ ਨਹੀਂ ਗਿਆ । ਪਰ ਉਸ ਪੈਸੇ ਨਾਲ ਐਸ ਬਹੁਤ ਕੀਤੀ ਹੈ । ਇਕੱਲੀ ਤਨਖਾਹ ਨਾਲ ਤਾਂ ਘਰ ਦਾ ਰਾਸ਼ਨ ਪਾਣੀ ਵੀ ਨਹੀਂ ਚੱਲਦਾ। ਇਸ ਗੱਲ ਦਾ ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ । ਜੇ ਐਸ ਕਰਨੀ ਹੋਵੇ ਫਿਰ ਜਿਹੜੇ ਪੈਸੇ ਆਪਾਂ ਨੂੰ ਲੋਕ ਕੰਮ ਕਰਾਉਣ ਦੇ ਕੇ ਜਾਂਦੇ ਹਨ । ਇਹਨਾਂ ਨੂੰ ਰਿਸ਼ਵਤ ਨਾ ਸਮਝਿਆ ਕਰੋ । ਇਹ ਆਪਣਾ ਹੱਕ ਬਣਦਾ ਹੈ । ਨਾਲੇ ਆਪਾਂ ਕਿਹੜੇ ਲੋਕਾਂ ਦੇ ਗਲ ਪੇਕੇ ਖੋਂਹਦੇ ਹਾਂ । ਬਸ ਲੋਕ ਖੁਸ਼ੀ ਨਾਲ ਹੀ ਪਾਰਟੀ ਕਰ ਦਿੰਦੇ ਨੇ । ਪਾਰਟੀ ਲੈਣਾ ਤਾਂ ਕੋਈ ਰਿਸ਼ਵਤ ਨਹੀਂ ਹੁੰਦੀ । ਜਿਹੜੇ ਆਪਾਂ ਨੂੰ ਪਾਰਟੀ ਦੇ ਕੇ ਜਾਂਦੇ ਨੇ ਉਹ ਪਤਾ ਨਹੀਂ ਅਗੋਂ ਕਿੰਨੀ ਲੋਕਾਂ ਦੀ ਛਿੱਲ ਲਹਾਉਂਦੇ ਹੋਣੇ ਨੇ । ਉਹ ਕਿਹੜਾ ਆਪਾਂ ਨੂੰ ਆ ਕੇ ਦਸਦੇ ਨੇ । ਇਸ ਤਰਾਂ ਉਸ ਨੇ ਗੱਲਾਂ ਕਰਨੀਆਂ । ਬਸ ਛੇ ਕੁ ਮਹੀਨਿਆਂ ਬਾਹਦ ਉਸ ਦੀ ਅਚਾਨਕ ਮੌਤ ਹੋ ਗਈ । ਸਾਰਾ ਸਟਾਫ ਅਫਸੋਸ ਵਾਸਤੇ ਗਿਆ । ਅਫਸੋਸ ਕਰਨ ਤੋਂ ਬਾਹਦ ਉਸ ਦੀ ਘਰ ਵਾਲੀ ਨੂੰ ਮੌਤ ਦਾ ਕਾਰਨ ਪੁੱਛਿਆ ਕਿ ਕੀ ਹੋਇਆ ਸੀ ਸਾਬ ਨੂੰ । ਅਚਾਨਕ ਕਿਵੇਂ ਮੌਤ ਹੋ ਗਈ । ਤਕੜਾ ਸੀ ਉਸ ਨੇ ਤਾਂ ਸਾਡੇ ਸਾਹਮਣੇ ਕਦੇ ਗੋਲੀ ਤਕ ਨਹੀਂ ਸੀ ਖਾਹਦੀ । ਵੀਰ ਜੀ ਹੋਣਾ ਕੀ ਸੀ ਜਦੋ ਦਾ ਪੈਨਸ਼ਨ ਆਇਆ ਸੀ । ਇੱਕ ਉਸ ਕੋਲ ਡਾਇਰੀ ਹੁੰਦੀ ਸੀ ਉਹੀ ਸਾਰਾ ਦਿਨ ਫਰੋਲਦਾ ਰਹਿੰਦਾ ਸੀ । ਪਤਾ ਨਹੀਂ ਉਸ ਡਾਇਰੀ ਵਿੱਚ ਕੀ ਲਿਖਿਆ ਸੀ । ਸਾਰੇ ਸਟਾਫ ਵਾਲੇ ਇੱਕ ਦੂਜੇ ਦੇ ਮੂੰਹ ਵਲ ਵੇਖਣ ਲੱਗ ਪਏ । ਉਹਨਾਂ ਨੂੰ ਵੀ ਸਾਬ ਦੀ ਡਾਇਰੀ ਯਾਦ ਆ ਗਈ । ਭੈਣ ਜੀ ਡਾਇਰੀ ਵਿੱਚ ਲੋਕਾਂ ਤੋਂ ਜਿਹੜੇ ਪੈਸੇ ਲੈਣੇ ਹੁੰਦੇ ਨੇ ਉਹ ਹੀ ਲਿਖਿਆ ਹੁੰਦਾ ਸੀ। ਬਸ ਵੀਰ ਜੀ ਉਹ ਵੀ ਇਹੋ ਹੀ ਬੋਲਦਾ ਰਹਿੰਦਾ ਸੀ । ਸ਼ਾਇਦ ਉਹੀ ਡਾਇਰੀ ਉਸ ਦੀ ਮੌਤ ਦਾ ਕਾਰਨ ਬਣ ਗਈ ਹੈ । ਜਿਸ ਦੇ ਸਾਰਾ ਸਾਰਾ ਦਿਨ ਵਰਕੇ ਫਰੋਲਦਾ ਰਹਿੰਦਾ ਸੀ।

-ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ 7589155501

# ਮਥੁਰਾ ਵਿੱਚ ਸਰਧਾਲੂਆਂ ਦੀ ਕਿਸਤੀ ਪਲਟਣ ਨਾਲ ਹੋਈਆਂ ਮੌਤਾਂ ਨੇ ਇਨਸਾਨੀਅਤ ਨੂੰ ਝੰਜੋੜ ਕਿ ਰੱਖ ਦਿੱਤਾ-ਅਵਤਾਰ ਸਿੰਘ ਟੱਕਰ



**ਜੰਡਿਆਲਾ ਗੁਰੂ, 12 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਅੱਜ ਦੇ ਮੌਡਰਨ ਜਮਾਨੇ ਵਿੱਚ ਇਨਸਾਨ ਦੀ ਜਿੰਦਗੀ ਨੂੰ ਸੁਖਾਲਾ ਬਣਾਉਣ ਲਈ ਇਨਸਾਨ ਨੇ ਵੱਖ ਵੱਖ ਤਰ੍ਹਾਂ ਦੀਆਂ ਕਾਢਾ ਕੱਢ ਕਿ ਸਹੂਲਤਾਂ ਪ੍ਰਦਾਨ ਕੀਤੀਆਂ ਹਨ ਅਤੇ ਜਦੋਂ ਇਨਾਂ ਸਹੂਲਤਾਂ ਨਾਲ ਕੁਦਰਤੀ ਦੁਨਿਆਵੀ ਐਸੀ ਘਟਨਾ ਵਾਪਰ ਜਾਂਦੀ ਹੈ ਜਿਸ ਨੂੰ ਇਨਸਾਨ ਵੱਲੋਂ ਸਹਿਣ ਕਰਨਾ ਔਖਾ ਹੈ ਅਤੇ ਉਸ ਘਟਨਾ ਵਿੱਚ ਪਿਆ ਘਾਟਾ ਇਨਸਾਨ ਪੂਰਾ ਨਹੀਂ ਕਰ ਸਕਦਾ ਇਨਾਂ ਗੱਲਾਂ ਦਾ ਪ੍ਰਗਟਾਵਾ ਕਰਦਿਆ ਹੋਇਆ ਖਾਲਸਾ ਆਟੋ ਰਿਕਸ਼ਾ ਯੂਨੀਅਨ ਜੰਡਿਆਲਾ ਗੁਰੂ ਦੇ ਸਾਬਕਾ ਪ੍ਰਧਾਨ ਅਵਤਾਰ ਸਿੰਘ ਟੱਕਰ ਜਾਣੀਆ ਨੇ ਅੱਗੇ ਕਿਹਾ ਕਿ ਬੀਤੇ ਦਿਨ ਮਥੁਰਾ ਦੇ ਨਜਦੀਕ ਯਮੁਨਾ ਨਦੀ ਦਾ ਪਾਣੀ ਇੱਕਦਮ ਵਧਣ ਕਾਰਨ ਦੁਖਦਾਈ ਘਟਨਾ ਵਾਪਰ ਗਈ ਜਿਸ ਵਿੱਚ ਕਿਸ਼ਤੀ ਪਲਟਣ ਕਰਕੇ ਦਰਜਨ ਤੋਂ ਉਪਰ ਸ਼ਰਧਾਲੂਆਂ ਦੀ ਡੁੱਬਣ ਕਾਰਨ ਮੌਤ ਹੋ ਗਈ ਜਿਸ ਘਟਨਾ ਨੇ ਪਿੱਛੇ ਬਚੇ ਪ੍ਰੀਵਾਰਾਂ ਨੂੰ ਬਹੁਤ ਵੱਡਾ ਦੁੱਖ ਦਿੱਤਾ ਜਿਸ ਨੂੰ ਸਹਿਣ ਕਰਨਾ ਬਹੁਤ ਔਖਾ ਹੈ ਅੱਗੇ ਟੱਕਰ ਨੇ ਉਨਾਂ ਦੁਖੀ ਪ੍ਰੀਵਾਰਾਂ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆ ਹੋਇਆ ਕਿਹਾ ਕਿ ਇਹ ਘਟਨਾ ਬੇਹੱਦ ਦੁਖਦਾਈ ਹੈ ਤੇ ਮਨ ਨੂੰ ਝੰਜੋੜ ਦੇਣ ਵਾਲੀ ਹੈ ਅਤੇ ਅਸੀਂ ਪ੍ਰਮਾਤਮਾ ਦੇ ਚਰਨਾਂ ਵਿੱਚ ਅਰਦਾਸ ਕਰਦੇ ਹਾਂ ਕਿ ਅਕਾਲ ਪੁਰਖ ਉਨਾਂ ਵਿਛੜੀਆਂ ਰੂਹਾਂ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਤੇ ਪਰਿਵਾਰਾਂ ਨੂੰ ਇਹ ਅਸਹਿ ਦੁੱਖ ਸਹਿਣ ਕਰਨ ਦਾ ਬਲ ਬਖਸ਼ਣ ਅਤੇ ਆਪਣੇ ਭਾਣੇ ਵਿੱਚ ਚੱਲਣ ਦਾ ਬਲ ਬਖਸਣ!

# ਵਿਆਹ ਦੀ ਵਰ੍ਹੇਗੰਢ ਮਨਾਈ



ਮਨਦੀਪ ਸਿੰਘ ਪੰਜਾਬ ਟੈਂਟ ਹਰਪ੍ਰੀਤ ਕੌਰ ਨੇ ਆਪਣੇ ਵਿਆਹ ਦੀ 14 ਵੀ ਵਰ੍ਹੇਗੰਢ ਮਨਾਈ ਚੌਕ ਮਹਿਤਾ ਪੰਜਾਬ ਟੈਂਟ (ਫੋਟੋ ਵੇਰਵਾ ਬਾਬਾ ਸੁਖਵੰਤ ਸਿੰਘ ਚੰਨਣਕੇ ਚੌਕ ਮਹਿਤਾ)

### ਬੇਅਦਬੀ ਬਿੱਲ 'ਤੇ 'ਆਪ' ਸਰਕਾਰ ਦੀ ਨੀਅਤ ਸੰਦੇਹ ਦੇ ਘੇਰੇ 'ਚ: ਪ੍ਰੋ. ਸਰਚਾਂਦ ਸਿੰਘ ਖਿਆਲਾ

# ਬੇਅਦਬੀ ਕਾਨੂੰਨ ਨਹੀਂ, ਸਿਆਸੀ ਸਟੰਟ "ਬਿਨਾਂ ਸਲਾਹ-ਮਸ਼ਵਰੇ ਬੇਅਦਬੀ ਬਿੱਲ ਲਿਆਉਣਾ ਗੈਰ-ਜ਼ਿੰਮੇਵਾਰਾਨਾ



**ਅੰਮ੍ਰਿਤਸਰ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)**-ਪੰਜਾਬ ਭਾਜਪਾ ਦੇ ਬੁਲਾਰੇ ਪ੍ਰੋ. ਸਰਚਾਂਦ ਸਿੰਘ ਖਿਆਲਾ ਨੇ ਪੰਜਾਬ ਮੰਤਰੀ ਮੰਡਲ ਵੱਲੋਂ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ, 2008 ਵਿੱਚ ਸੋਧ ਸਬੰਧੀ '(ਸੋਧ) ਬਿੱਲ 2026' ਨੂੰ ਵਿਧਾਨ ਸਭਾ ਵਿੱਚ ਪੇਸ਼ ਕਰਨ ਲਈ ਬਿਨਾ ਕਿਸੇ ਆਮ ਰਾਏ ਦੇ ਦਿੱਤੀ ਪ੍ਰਵਾਨਗੀ 'ਤੇ ਗੰਭੀਰ ਸਵਾਲ ਖੜੇ ਕੀਤੇ ਹਨ।

ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਸੱਚਮੁੱਚ ਬੇਅਦਬੀ ਦੇ ਮਾਮਲਿਆਂ ਵਿੱਚ ਦੋਸ਼ੀਆਂ ਵਿਰੁੱਧ ਕੜੀ ਕਾਰਵਾਈ ਕਰਨ ਲਈ ਸੁਹਿਰਦ ਹੈ ਅਤੇ ਇਸ ਗੰਭੀਰ ਮਸਲੇ 'ਤੇ ਨਵਾਂ ਕਾਨੂੰਨ ਲਿਆਉਣਾ ਚਾਹੁੰਦੀ ਹੈ, ਤਾਂ ਫਿਰ ਬਿੱਲ ਦਾ ਖਰੜਾ ਸਿੱਖ ਜਥੇਬੰਦੀਆਂ ਅਤੇ ਮਾਨਤਾ ਪ੍ਰਾਪਤ ਸਿਆਸੀ ਪਾਰਟੀਆਂ ਤੇ ਮਾਹਿਰਾਂ ਨਾਲ ਸਾਂਝਾ ਕਰਨ ਤੋਂ ਕਿਉਂ ਆਨਾਕਾਨੀ ਕੀਤੀ ਅਤੇ ਆਮ ਰਾਏ ਕਿਉਂ ਨਹੀਂ ਬਣਾਈ ਗਈ ?

ਉਨ੍ਹਾਂ ਦੋਸ਼ ਲਗਾਇਆ ਕਿ ਆਮ ਆਦਮੀ ਪਾਰਟੀ ਸਰਕਾਰ ਵਿੱਚ ਨਾ ਤਾਂ ਸਿਆਸੀ ਇੱਛਾ ਸ਼ਕਤੀ ਹੈ ਅਤੇ ਨਾ ਹੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਦੀ ਅਸਲ ਮਨਸ਼ਾ। ਇਹ ਬਿੱਲ ਸਿਰਫ਼ ਸਰਕਾਰ ਦੀਆਂ ਨਾਕਾਮੀਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਇੱਕ ਸਿਆਸੀ ਸਟੰਟ ਹੈ, ਜਿਸ ਵਿੱਚ ਧਾਰਮਿਕ ਭਾਵਨਾਵਾਂ ਦਾ ਇਸਤੇਮਾਲ ਕੀਤਾ ਜਾ ਰਿਹਾ ਹੈ।

ਪ੍ਰੋ. ਖਿਆਲਾ ਨੇ ਕਿਹਾ ਕਿ 2008 ਦਾ ਐਕਟ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪਾਂ ਦੀ ਛਪਾਈ, ਪ੍ਰਕਾਸ਼ਨ, ਸਟੋਰੇਜ ਅਤੇ ਵੰਡ ਨੂੰ ਸਿੱਖੀ ਮਰਿਆਦਾ ਅਨੁਸਾਰ ਯਕੀਨੀ ਬਣਾਉਣ ਲਈ ਸੰਵਿਧਾਨਕ ਤੌਰ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਧਿਕਾਰਤ ਕਰਦਾ ਹੈ। ਇਸ ਵਿੱਚ ਕਿਸੇ ਵੀ ਤਰ੍ਹਾਂ ਦੀ ਦਖ਼ਲਅੰਦਾਜ਼ੀ 1959 ਦੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਾਸਟਰ ਤਾਰਾ ਸਿੰਘ ਦਰਮਿਆਨ ਹੋਏ ਸਮਝੌਤੇ ਦੀ ਸਿੱਧੀ ਉਲੰਘਣਾ ਹੈ।

ਉਨ੍ਹਾਂ ਅੰਕੜੇ ਪੇਸ਼ ਕਰਦਿਆਂ ਕਿਹਾ ਕਿ ਪਿਛਲੇ 11 ਸਾਲਾਂ ਵਿੱਚ 597 ਬੇਅਦਬੀ ਦੇ ਮਾਮਲੇ ਦਰਜ ਹੋਏ, ਜਿਨ੍ਹਾਂ ਵਿੱਚ ਕੇਵਲ 44 ਮਾਮਲਿਆਂ ਵਿੱਚ ਹੀ ਦੋਸ਼ ਸਾਬਤ ਹੋਇਆ, 131 ਕੇਸ ਅਦਾਲਤਾਂ ਵਿੱਚ ਲੰਬਿਤ ਹਨ ਅਤੇ 422 ਮਾਮਲੇ ਬਿਨਾਂ ਨਤੀਜੇ ਦੇ ਰਫ਼ਾ-ਦਫ਼ਾ ਹੋ ਜਾਣਾ ਇਹ ਸਪਸ਼ਟ ਕਰਦਾ ਹੈ ਕਿ ਸਰਕਾਰ ਇਸ ਮਾਮਲੇ 'ਤੇ ਕੋਈ ਢੁਕਵਾਂ ਅਤੇ ਸਖ਼ਤ ਕਦਮ ਚੁੱਕਣ ਵਿੱਚ ਅਸਫਲ ਰਹੀ ਹੈ।

ਉਨ੍ਹਾਂ ਕਿਹਾ ਕਿ ਮੌਜੂਦਾ ਕਾਨੂੰਨਾਂ—IPC ਧਾਰਾ 2951 ਅਤੇ 1531—ਹੇਠ 3 ਤੋਂ 5 ਸਾਲ ਕੁਲ 8 ਸਾਲ ਤੱਕ ਦੀ ਸਜ਼ਾ ਦੇ ਪ੍ਰਾਵਧਾਨ ਹੋਣ ਦੇ ਬਾਵਜੂਦ ਵੀ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਵਿੱਚ ਨਾਕਾਮੀ ਸਰਕਾਰ ਦੀ ਅਣਦੇਖੀ ਨੂੰ ਦਰਸਾਉਂਦੀ ਹੈ। ਕਈ ਮਾਮਲਿਆਂ ਵਿੱਚ ਤਾਂ ਸਿਰਫ਼ 300 ਤੋਂ 500 ਰੁਪਏ ਦੇ ਜੁਰਮਾਨੇ ਹੀ ਲਗੇ, ਜੋ ਇਸ ਗੰਭੀਰ ਮਸਲੇ ਨਾਲ ਕੀਤੀ ਗਈ ਲਾਪਰਵਾਹੀ ਨੂੰ ਦਰਸਾਉਂਦਾ ਹੈ।

ਪ੍ਰੋ. ਖਿਆਲਾ ਨੇ ਜ਼ੋਰ ਦੇ ਕੇ ਕਿਹਾ ਕਿ ਬੇਅਦਬੀ ਵਿਰੁੱਧ ਸਖ਼ਤ ਕਾਨੂੰਨ ਲਿਆਉਣਾ ਗ਼ਲਤ ਨਹੀਂ, ਪਰ ਇਹ ਕਾਨੂੰਨ ਪੰਜਾਬ ਦੀ ਬਹੁ-ਧਾਰਮਿਕ ਹਕੀਕਤ ਨੂੰ ਧਿਆਨ ਵਿੱਚ ਰੱਖਦੇ ਹੋਏ ਸਾਰੇ ਧਰਮਾਂ ਦੇ ਪਵਿੱਤਰ ਗ੍ਰੰਥਾਂ ਦਾ ਦਰਜਾ ਬਾ ਦਰਜਾ ਅਤੇ ਧਾਰਮਿਕ ਪ੍ਰਤੀਕਾਂ ਦੇ ਸਤਿਕਾਰ ਸਨਮਾਨ ਦੀ ਰੱਖਿਆ ਕਰੇ।

ਉਨ੍ਹਾਂ ਕਿਹਾ ਕਿ ਆਪ ਸਰਕਾਰ ਦੌਰਾਨ ਦੇ 231 ਮਾਮਲਿਆਂ ਸਮੇਤ 597 ਦਰਜ ਮਾਮਲਿਆਂ ਵਿੱਚ 480 ਸਿੱਖ ਧਰਮ, 92 ਹਿੰਦੂ ਧਰਮ, 14 ਮੁਸਲਿਮ ਅਤੇ 11 ਇਸਾਈ ਧਰਮ ਨਾਲ ਸਬੰਧਿਤ ਹਨ, ਜਿਸ ਨਾਲ ਇਹ ਸਪਸ਼ਟ ਹੁੰਦਾ ਹੈ ਕਿ ਨਵਾਂ ਕਾਨੂੰਨ ਸਭ ਧਰਮਾਂ ਲਈ ਸਮਾਨ ਸਤਿਕਾਰ ਨੂੰ ਯਕੀਨੀ ਬਣਾਉਣ ਵਾਲਾ ਹੋਣਾ ਚਾਹੀਦਾ ਹੈ।

ਉਨ੍ਹਾਂ ਨੇ ਅੱਗੇ ਕਿਹਾ ਕਿ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸਿੱਖ ਧਰਮ ਵਿੱਚ ਜਾਗਤ ਜੋਤ ਅਤੇ ਗੁਰਤਾ ਗੱਦੀ ਦੇ ਮਾਲਕ ਹਨ, ਉੱਥੇ ਹੀ ਹਿੰਦੂ ਧਰਮ ਵਿੱਚ ਪ੍ਰਾਣ-ਪ੍ਰਤਿਸ਼ਠਤ ਮੂਰਤੀਆਂ ਦਾ ਆਪਣਾ ਸਥਾਨ ਹੈ। ਸਿੱਖ ਧਰਮ ਵਿੱਚ ਬਾਕੀ ਦੇ ਧਾਰਮਿਕ ਗ੍ਰੰਥਾਂ ਤੋਂ ਇਲਾਵਾ ਧਾਰਮਿਕ ਅਸਥਾਨਾਂ ਧਾਰਮਿਕ ਸਮਗਰੀ, ਝੰਡੇ ਅਤੇ ਕਕਾਰਾਂ ਨੂੰ ਨੁਕਸਾਨ ਪਹੁੰਚਾਉਣਾ ਵੀ ਬੇਅਦਬੀ ਹੈ।। ਉੱਥੇ ਹੀ ਹਿੰਦੂ ਧਾਰਮਿਕ ਗ੍ਰੰਥ ਸ੍ਰੀਮਦ ਭਾਗਵਤ ਗੀਤਾ, ਰਮਾਇਣ, ਕੁਰਾਨ ਸ਼ਰੀਫ ਅਤੇ ਪਵਿੱਤਰ ਬਾਈਬਲ, ਬੁੱਧ ਅਤੇ ਜੈਨ ਧਰਮ ਦੇ ਗ੍ਰੰਥ ਵੀ ਆਪਣੀ ਥਾਂ ਅਹਿਮੀਅਤ ਰੱਖਦੇ ਹਨ ਤੇ ਸਮਾਨ ਆਦਰ ਦੇ ਹੱਕਦਾਰ ਹਨ।

ਉਨ੍ਹਾਂ ਨੇ ਸਰਕਾਰ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕਦਿਆਂ ਕਿਹਾ ਕਿ 2023 ਦਾ ਗੁਰਬਾਣੀ ਬਰਾਡਕਾਸਟ ਬਿੱਲ ਅਜੇ ਤੱਕ ਅਣਸਪਸ਼ਟ ਹੈ, 328 ਪਾਵਨ ਸਰੂਪਾਂ ਦਾ ਮਾਮਲਾ ਠੰਢੇ ਬਸਤੇ ਵਿੱਚ ਹੈ ਅਤੇ ਡੇਰਾ ਰਾਜਾ ਕਵਲ ਤੋਂ 159 ਸਰੂਪਾਂ ਦੀ ਬਰਾਮਦਗੀ ਦੇ ਮੁੱਖਮੰਤਰੀ ਵੱਲੋਂ ਕੀਤੇ ਗਏ ਦਾਅਵੇ ਵੀ ਸਰਕਾਰ ਦੇ ਮੰਤਰੀਆਂ ਵੱਲੋਂ ਹੀ ਖ਼ਾਰਜ ਕੀਤੇ ਗਏ ਹਨ।

ਉਨ੍ਹਾਂ ਨੇ ਕਿਹਾ ਕਿ ਪੰਜਾਬ 'ਚ ਧਰਮ ਪਰਿਵਰਤਨ 'ਤੇ ਕੋਈ ਕਾਨੂੰਨ ਨਹੀਂ ਲਿਆਂਦਾ ਗਿਆ ਅਤੇ ਨਾ ਹੀ ਅਨੰਦ ਮੈਰਿਜ ਐਕਟ ਨੂੰ ਲਾਗੂ ਕਰਨ ਲਈ ਗੰਭੀਰਤਾ ਦਿਖਾਈ ਗਈ ਹੈ। ਸ੍ਰੀਨਗਰ ਵਿੱਚ ਕਰਵਾਏ ਧਾਰਮਿਕ ਸਮਾਗਮ ਦੌਰਾਨ ਭੰਗੜੇ ਪਾਉਣ ਦੀਆਂ ਹੋਈਆਂ ਘਟਨਾਵਾਂ ਨੇ ਵੀ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ 24 ਘੰਟਿਆਂ ਵਿੱਚ ਬੇਅਦਬੀਆਂ 'ਤੇ ਇਨਸਾਫ਼ ਦੇਣ ਦੇ ਵਾਅਦੇ ਕੀਤੇ ਸਨ, ਪਰ ਚਾਰ ਸਾਲ ਬੀਤਣ ਦੇ ਬਾਵਜੂਦ ਵੀ ਬੇਅਦਬੀ ਮਾਮਲਿਆਂ ਵਿੱਚ ਇਨਸਾਫ਼ ਨਹੀਂ ਮਿਲ ਸਕਿਆ। ਸਵਾਲ ਇਹ ਵੀ ਉੱਠਦਾ ਹੈ ਕਿ 13 ਅਪ੍ਰੈਲ ਨੂੰ ਜੋ ਬਿਲ ਪੇਸ਼ ਕੀਤਾ ਜਾ ਰਿਹਾ ਹੈ, ਕੀ ਉਹ ਬਿੱਲ ਵੀ ਕੇਸਾਂ ਦੀ ਬੇਅਦਬੀ ਕਰਨ ਵਾਲਾ ਵਿਅਕਤੀ ਹੀ ਪੇਸ਼ ਕਰੇਗਾ ?

ਪ੍ਰੋ. ਖਿਆਲਾ ਨੇ ਅੰਤ ਵਿੱਚ ਚੇਤਾਵਨੀ ਦਿੱਤੀ ਕਿ ਸਰਕਾਰ ਵੱਲੋਂ ਧਾਰਮਿਕ ਮਸਲਿਆਂ ਦਾ ਸਿਆਸੀਕਰਨ ਭਵਿੱਖ ਵਿੱਚ ਸਮਾਜਿਕ ਤਣਾਅ ਨੂੰ ਜਨਮ ਦੇ ਸਕਦਾ ਹੈ, ਜਿਸ ਲਈ ਪੰਜਾਬ ਦੇ ਲੋਕਾਂ ਨੂੰ ਸਚੇਤ ਰਹਿਣ ਦੀ ਲੋੜ ਹੈ।

ਆਵਾਜ਼ਿ ਕੌਮ AWAZE QAUM International Newspaper & WEB TV

### ਖਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ 14 ਅਪ੍ਰੈਲ ਨੂੰ ਭੋਗ ਪਾਏ ਜਾਣਗੇ

**14 ਅਪ੍ਰੈਲ ਨੂੰ ਗੁਰਦੁਆਰਾ ਸਿੰਘ ਸਭਾ ਤੋਂ ਨਗਰ ਕੀਰਤਨ ਜੋਤੀਸਰ ਗੁਰਦੁਆਰਾ ਸਾਹਿਬ ਪਹੁੰਚਣ ਤੇ ਕੀਤਾ ਜਾਵੇਗਾ ਸਵਾਗਤ ਸੰਤ ਬਾਬਾ ਸੁੱਖਾ ਸਿੰਘ**



**ਜੰਡਿਆਲਾ ਗੁਰੂ 12 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ )**-ਵਿਸਾਖੀ ਖਾਲਸਾ ਸਾਜਨਾ ਦਿਵਸ ਪੰਜਾਬ ਤੋਂ ਲੈ ਕਿ ਪੂਰੀ ਦੁਨੀਆਂ ਵਿੱਚ ਵੱਸਦੀਆਂ ਗੁਰੂ ਨਾਨਕ ਲੇਵਾ ਸੰਗਤਾਂ ਵੱਲੋਂ ਬੜੀ ਸਰਧਾ ਭਾਵਨਾ ਤੇ ਪਿਆਰ ਨਾਲ ਮਨਾਇਆ ਜਾ ਰਿਹਾ ਹੈ ! ਅੱਜ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੀ ਗੁਰਦੁਆਰਾ ਜੋਤੀਸਰ ਜੰਡਿਆਲਾ ਗੁਰੂ ਵਿਖੇ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸਿਮਲਾ ਹਿਮਾਚਲ ਪ੍ਰਦੇਸ਼ ਦੇ ਮੁੱਖ ਸੇਵਾਦਾਰ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਸਮੂਹ ਜੋਤੀਸਰ, ਇਲਾਕਾ ਨਿਵਾਸੀ ਸੰਗਤਾਂ ਅਤੇ ਦੇਸ ਵਿਦੇਸ ਵਿੱਚ ਵੱਸਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਖਾਲਸੇ ਦੇ ਸਾਜਨਾ ਦਿਵਸ ਵਿਸਾਖੀ ਨੂੰ ਸਮਰਪਿਤ ਸ੍ਰੀ ਆਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਗਏ ਜਿਨਾਂ ਦਾ ਭੋਗ 14 ਅਪ੍ਰੈਲ ਦਿਨ ਮੰਗਲਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ ਅਤੇ ਉਪਰੰਤ ਧੁਰ ਕੀ ਬਾਣੀ ਇਲਾਹੀ ਬਾਣੀ ਦੇ ਹਰਜੱਸ ਕੀਰਤਨ ਸਰਵਨ ਹੋਣਗੇ ਅਤੇ ਉਪਰੰਤ ਆਈਆਂ ਸੰਗਤਾਂ ਨੂੰ ਗੁਰੂ ਸਾਹਿਬ ਜੀ ਦੇ ਅਤੁੱਟ ਲੰਗਰ ਛਕਾਏ ਜਾਣਗੇ! ਇਸ ਪੁਰਬ ਸੰਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆ ਹੋਇਆ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਅੱਗੇ ਕਿਹਾ ਕਿ 1699 ਈ: ਦੀ ਵਿਸਾਖੀ ਵਾਲੇ ਦਿਨ ਸਿੱਖਾਂ ਦੇ ਦਸਵੇਂ ਗੁਰੂ ਦਸਮੇਸ਼ ਪਿਤਾ ਸਰਬੰਸ ਦਾਨੀ ਸਾਹਿਬ ਏ ਕਮਾਲ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੁਲਮ ਦੇ ਟਾਕਰੇ ,ਮਜਲੂਮਾਂ ਦੀ ਰੱਖਿਆ ਤੇ ਮਨੁੱਖਤਾ ਦੀ ਭਲਾਈ ਲਈ ਪੰਜਾਂ ਪਿਆਰਿਆ ਦੀ ਸਥਾਪਨਾ ਕਰਕੇ ਖਾਲਸਾ ਪੰਥ ਪ੍ਰਗਟ ਕੀਤਾ ਅਤੇ ਸਾਨੂੰ ਸਿੱਖਾਂ ਨੂੰ ਪੰਜਾਂ ਕਕਾਰਾਂ ਦੀ ਰਹਿਤ ਵਿੱਚ ਰਹਿਣ ਲਈ ਹੁਕਮ ਕੀਤਾ ! ਅੱਗੇ ਸੰਤ ਬਾਬਾ ਸੁੱਖਾ ਸਿੰਘ ਜੀ ਨੇ ਸਮੂਹ ਜੋਤੀਸਰ ਦੀਆਂ ਸੰਗਤਾਂ ਤੇ ਸਹਿਰ ਵਾਸੀਆਂ ਨੂੰ ਬੇਨਤੀ ਕੀਤੀ ਕਿ 14 ਅਪ੍ਰੈਲ ਨੂੰ ਪੁਰਾਣਾ ਗੇਟ ਗੁਰਦੁਆਰਾ ਸਿੰਘ ਸਭਾ ਜੰਡਿਆਲਾ ਗੁਰੂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜਾਂ ਪਿਆਰਿਆ ਦੀ ਅਗਵਾਈ ਵਿੱਚ ਵਿਸਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਜੋ ਵੱਖ-ਵੱਖ ਬਜਾਰਾਂ ਤੋਂ ਹੁੰਦਾ ਹੋਇਆ ਨਗਰ ਕੀਰਤਨ ਗੁਰਦੁਆਰਾ ਜੋਤੀਸਰ ਵਿਖੇ ਪਹੁੰਚੇਗਾ ਇਸ ਲਈ ਸਮੂਹ ਜੋਤੀਸਰ ਦੀਆਂ ਸੰਗਤਾਂ ਪ੍ਰੀਵਾਰਾਂ ਸਮੇਤ ਨਗਰ ਕੀਰਤਨ ਦੇ ਸਵਾਗਤ ਲਈ ਗੁਰਦੁਆਰਾ ਜੋਤੀਸਰ ਵਿਖੇ ਪਹੁੰਚ ਕਿ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਖੁਸੀਆ ਪ੍ਰਾਪਤ ਕਰੋ ਅਤੇ ਆਪਣਾ ਜੀਵਨ ਸਫਲ ਬਣਾਓ!

ਆਵਾਜ਼ਿ ਕੌਮ AWAZE QAUM International Newspaper & WEB TV

### ਦਸਤਾਰ : ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ

# ਨੌਜਵਾਨਾਂ ਨੂੰ ਦਸਤਾਰ ਸਜਾਉਣ ਲਈ ਪ੍ਰੇਰਿਤ ਕੀਤਾ ਜਾਵੇ ?

**ਸਿੱਖ** ਧਰਮ ਦੇ ਮੋਢੀ ਸ਼੍ਰੀ ਗੁਰੂ ਨਾਨਕ ਦੇਵ ਜੀ ਬਚਪਨ ਤੋਂ ਹੀ ਸਿਰ ਤੇ ਦਸਤਾਰ ਸਜਾਉਂਦੇ ਸਨ। ਜਨਮਸਾਖੀਆਂ ਅਨੁਸਾਰ ਜਦੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਪੂਰਬ ਵੱਲ ਗਏ ਤਾਂ ਬਿਸ਼ੰਭਪੁਰ ਨਗਰ ਵਿਖੇ ਉਹਨਾਂ ਦਾ ਮਿਲਾਪ ਸਾਲਸ ਰਾਏ ਚੌਧਰੀ ਨਾਲ ਹੋਇਆ। ਉਸ ਦੀ ਸ਼ਰਧਾ ਵੇਖ ਕੇ ਗੁਰੂ ਨਾਨਕ ਨੇ ਉਸ ਨੂੰ ਦਸਤਾਰ ਬਖ਼ਿਸ਼ਸ਼ ਕੀਤੀ ਅਤੇ ਸਿੱਖ ਧਰਮ ਦਾ ਪ੍ਰਚਾਰਕ ਨਿਯੁਕਤ ਕੀਤਾ। ਛੇਵੇਂ ਗੁਰੂ ਸ਼੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਦਰਬਾਰੀ ਢਾਡੀ ਭਾਈ ਅਬਦੁੱਲਾ ਜੀ ਤੇ ਭਾਈ ਨੱਥ ਮੱਲ ਜੀ ਗੁਰੂ ਸਾਹਿਬ ਦੀ ਦਸਤਾਰ ਦੀ ਸੋਭਾ ਬਿਆਨਦੇ ਹੋਏ ਲਿਖਦੇ ਹਨ।

**ਦੋ ਤਲਵਾਰਾਂ ਬੱਧੀਆਂ ਇੱਕ ਮੀਰੀ ਦੀ ਇੱਕ ਪੀਰੀ ਦੀ।**
**ਇੱਕ ਅਜ਼ਮਤ ਦੀ ਇੱਕ ਰਾਜ ਦੀ ਇੱਕ ਰਾਖੀ ਕਰੇ ਵਜ਼ੀਰ ਦੀ।**
**ਪੱਗ ਤੇਰੀ ਕਿ ਜਹਾਂਗੀਰ ਦੀ।**

ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ: ਵਿੱਚ ਵਿਸਾਖੀ ਵਾਲੇ ਦਿਨ ਦਸਤਾਰ ਨੂੰ ਸਿੱਖੀ ਦਾ ਅਨਿੱਖੜਵਾਂ ਅੰਗ ਬਣਾ ਦਿੱਤਾ। ਇਸ ਦਾ ਜ਼ਿਕਰ ਭਾਈ ਦੇਸਾ ਸਿੰਘ ਦੇ ਰਹਿਤਨਾਮਿਆਂ, ਭਾਈ ਨੰਦ ਲਾਲ ਜੀ ਦੇ ਤਨਖਾਹਨਾਮੇ ਅਤੇ ਗਿਆਨੀ ਗਿਆਨ ਸਿੰਘ ਜੀ ਦੇ ਪੰਥ ਪ੍ਰਕਾਸ਼ ਵਿੱਚ ਮਿਲਦਾ ਹੈ। ਵਿਸਾਖੀ ਵਾਲੇ ਦਿਨ ਦਰਸ਼ਨ ਕਰਨ ਆਏ ਮਸੰਦਾਂ ਨੂੰ ਦਸਤਾਰ ਦੀ ਬਖ਼ਿਸ਼ਸ਼ ਕਰਕੇ ਵਿਦਾ ਕੀਤਾ ਜਾਂਦਾ ਸੀ।

ਭਾਈ ਚੌਪਾ ਸਿੰਘ ਨੇ ਵੀ ਦਸਤਾਰ ਬਾਰੇ ਲਿਖਿਆ ਹੈ।

**ਪੱਗ ਰਾਤੀਂ ਲਾਹ ਕੇ ਸੌਵੇਂ, ਸੋ ਭੀ ਤਨਖਾਹੀਆ।**
**ਨੰਗੇ ਕੇਸੀਂ ਫਿਰੇ ਰਵਾਲ ਪਾਏ, ਸੋ ਭੀ ਤਨਖਾਹੀਆ।**
**ਨੰਗੇ ਕੇਸੀਂ ਮਾਰਗ ਟੁਰੇ, ਸੋ ਭੀ ਤਨਖਾਹੀਆ।**
**ਨੰਗੇ ਕੇਸੀਂ ਭੋਜਨ ਕਰੇ, ਸੋ ਭੀ ਤਨਖਾਹੀਆ।**

ਮਹਾਨ ਕੋਸ਼ ਦੇ ਕਰਤਾ ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਦਸਤਾਰ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ, ਜਿਸ ਦੀ ਸੰਗਿਆ ਪੱਗ ਹੈ। ਪੱਗ ਨੂੰ ਪਗੜੀ ਤੇ ਦਸਤਾਰ ਵੀ ਕਿਹਾ ਜਾਂਦਾ ਹੈ। ਸਾਬਤ ਸੂਰਤ ਰਹਿਣਾ ਹੀ ਸਿਰ ਤੇ ਦਸਤਾਰ ਸਜਾਉਣੀ ਹੈ। ਵਿਦੇਸ਼ਾਂ ਵਿੱਚ ਖ਼ਾਸ ਕਰਕੇ ਯੂਰਪੀ ਦੇਸ਼ਾਂ ਵਿੱਚ ਭਾਰਤੀ ਸਿੱਖ ਦੀ ਪਹਿਲੀ ਪਛਾਣ ਪੱਗ ਤੋਂ ਹੁੰਦੀ ਹੈ। ਸਿੱਖ ਸਿਰ ਦਸਤਾਰ ਨੇ ਅੱਜ ਤੱਕ ਪਹੁੰਚਣ ਲਈ ਇਤਿਹਾਸ ਨੇ ਕਈ ਮੋੜ ਕੱਟੇ ਹਨ। ਨਾਮਧਾਰੀ ਦਸਤਾਰ ਵੀ ਦੋ ਨੁੱਕਰੀ ਦਸਤਾਰ ਦਾ ਹੀ ਰੂਪ ਹੈ। ਦਸਤਾਰ ਸਿੱਖ ਦੀ ਸ਼ਾਨ ਹੀ ਨਹੀਂ ਇਸ ਦੀ ਵਰਤੋਂ ਇੱਕ ਸਿੱਖ ਲਈ ਧਾਰਮਿਕ ਤੌਰ 'ਤੇ ਵੀ ਜ਼ਰੂਰੀ ਹੈ। ਸਿੱਖ ਨੰਗੇ ਸਿਰ ਨਹੀਂ ਰਹਿੰਦਾ, ਘਰ ਵਿੱਚ ਜਾਂ ਸੈਰ ਕਰਨ ਵੇਲੇ ਵੀ ਛੋਟੀ ਦਸਤਾਰ ਸਿਰ 'ਤੇ ਜ਼ਰੂਰ ਰੱਖਦਾ ਹੈ। ਦਸਤਾਰ ਨਾਲ ਹੀ ਸਿੱਖ ਦੀ ਪਹਿਚਾਨ ਹੈ। ਦਸਤਾਰ ਨੂੰ ਸਿੱਖ ਲਿਬਾਸ ਦਾ ਜ਼ਰੂਰੀ ਅੰਗ ਨਿਰਧਾਰਿਤ ਕੀਤਾ ਗਿਆ ਹੈ। ਸਿੱਖ ਦਸਤਾਰ ਨੂੰ ਇਕੱਲਾ-ਇਕੱਲਾ ਪੇਚ ਕਰਕੇ ਲੜਾਂ ਨੂੰ ਚਿਣ-ਚਿਣ ਕੇ ਬੰਨ੍ਹੇ ਤੇ ਇਕੱਲਾ-ਇਕੱਲਾ ਲੜ ਕਰਕੇ ਉਤਾਰੇ, ਨਾ ਹੀ ਟੋਪੀ ਦੀ ਤਰ੍ਹਾਂ ਉਤਾਰੇ ਅਤੇ ਨਾ ਹੀ ਟੋਪੀ ਦੀ ਤਰ੍ਹਾਂ ਰੱਖੇ। ਕਈ ਨੌਜਵਾਨਾਂ ਨੇ ਕੇਸ ਰੱਖੇ ਹੁੰਦੇ ਹਨ ਪਰ ਉਹ ਪਟਕਾ ਬੰਨ੍ਹਦੇ ਹਨ ਜਾਂ ਟੋਪੀ ਪਾਉਂਦੇ ਹਨ। ਜੇਕਰ ਉਹਨਾਂ ਨੂੰ ਦਸਤਾਰ ਸਜਾਉਣ ਲਈ ਕਿਹਾ ਜਾਵੇ ਤਾਂ ਉਹ ਕਹਿੰਦੇ ਹਨ ਕਿ ਦਸਤਾਰ ਸਜਾਉਣ ਨਾਲ ਸਿਰ ਦਰਦ ਹੋਣ ਲੱਗ ਜਾਂਦਾ ਹੈ, ਜਾਂ ਦਸਤਾਰ ਸਜਾਉਣ ਤੇ ਸਮਾਂ ਬਹੁਤ ਲੱਗਦਾ ਹੈ। ਸਾਡੇ ਦੇਸ਼ ਦੇ ਕਈ ਹਾਕੀ ਖਿਡਾਰੀ ਪਟਕਾ ਬੰਨ੍ਹ ਕੇ ਮੈਚ ਖੇਡਦੇ ਹਨ ਜਦਕਿ ਨਾਮਧਾਰੀ ਹਾਕੀ ਇਲੈਵਨ ਟੀਮ ਦੇ ਖਿਡਾਰੀ ਦਸਤਾਰ ਸਜਾ ਕੇ ਮੈਚ ਖੇਡਦੇ ਹਨ। ਸਾਰੇ ਖਿਡਾਰੀ ਸਾਬਤ ਸੂਰਤ ਤੇ ਕਛਹਿਰੇ ਪਾ ਕੇ ਪ੍ਰੇਮ-ਪਿਆਰ ਨਾਲ ਖੇਡਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਮਿਸ਼ਨਰੀ ਕਾਲਜ ਰੋਪੜ ਦੇ ਵੀ ਕਈ ਖਿਡਾਰੀ ਵੱਖ-ਵੱਖ ਖੇਡਾਂ ਵਿੱਚ ਦਸਤਾਰ ਸਜਾ ਕੇ ਮੈਚ ਖੇਡਦੇ ਹਨ।



ਦਸਤਾਰ ਸਿੱਖ ਦੀ ਇੱਜ਼ਤ ਤੇ ਅਣਖ ਦੀ ਪ੍ਰਤੀਕ ਹੈ। ਇਹ ਗੱਲ ਆਮ ਸੁਣਨ ਵਿੱਚ ਆਉਂਦੀ ਹੈ ਕਿ ਦੇਖੀਂ ! ਪੱਗ ਨੂੰ ਦਾਗ਼ ਨਾ ਲੱਗਣ ਦੇਈਂ। ਅੱਜ ਨੌਜਵਾਨ ਆਪਣੇ ਅਮੀਰ ਵਿਰਸੇ ਤੋਂ ਅਨਜਾਣ, ਗੁੰਮਰਾਹ ਹੋ ਕੇ ਧੜਾ-ਧੜ ਕੇਸਾਂ ਦੀ ਬੇਅਦਬੀ ਕਰ ਰਹੇ ਹਨ। ਕਈ ਨੌਜਵਾਨਾਂ, ਵਿਅਕਤੀਆਂ ਨੇ ਕੇਸ ਰੱਖੇ ਹੁੰਦੇ ਹਨ, ਦਾੜ੍ਹੀ ਕੱਟੀ ਹੁੰਦੀ ਹੈ ਜਾਂ ਕਰਲ ਕੀਤੀ ਹੁੰਦੀ ਹੈ ਜਾਂ ਟ੍ਰਿਮ ਕਰਦੇ ਹਨ ਪਰ ਉਹ ਸਿਰ ਤੇ ਦਸਤਾਰ ਸਜਾਉਂਦੇ ਹਨ। ਕਈ ਵਿਅਕਤੀ ਸਿਰ ਤੇ ਦਸਤਾਰ ਸਜਾਉਂਦੇ ਹਨ, ਦਾੜ੍ਹੀ ਵੀ ਖੁੱਲ੍ਹੀ ਤੇ ਲੰਮੀ ਰੱਖੀ ਹੁੰਦੀ ਹੈ। ਤਮਾਕੂ, ਪਾਨ ਚੱਬਦੇ ਵੇਖੇ ਹਨ, ਸ਼ਰਾਬ ਪੀਂਦੇ ਹਨ। ਲਾਹਨਤ ਹੈ ਅਜਿਹੀ ਜਵਾਨੀ ਤੇ, ਚੰਗੇ ਭਲੇ ਗੁਰਸਿੱਖ ਪਰਿਵਾਰਾਂ ਦੇ ਨੌਜਵਾਨ, ਕਾਲਜੀਏਟ ਅਤੇ ਫੈਕਟਰੀਆਂ ਵਿੱਚ ਕੰਮ ਕਰਨ ਵਾਲਿਆਂ ਨੂੰ ਵੇਖ ਕੇ ਹੈਰਾਨ ਹੋ ਜਾਈਦਾ ਹੈ ਕਿ ਐਡਾ ਸੋਹਣਾ ਨੌਜਵਾਨ ਤੇ ਇਹੋ ਜਿਹੇ ਕਾਰੇ ਕਰਦਾ ਹੈ। ਸਿਰ ਉੱਤੇ ਦਸਤਾਰ ਹੋਵੇ ਤੇ ਹੱਥ ਵਿੱਚ ਸਿਗਰਟ ਜਾਂ ਬੀੜੀ ਹੋਵੇ ਤਾਂ ਸਹਿਜ ਸੁਭਾਅ ਹੀ ਮੂੰਹੋਂ ਨਿਕਲਦਾ ਹੈ ਕਿ 'ਕੀ ਥੁੜਿਆ ਪਿਐ ਹੈ ਅਜਿਹੇ ਜੀਣ ਖੁਣੋਂ ?'

ਧਾਰਮਿਕ ਸਕੂਲਾਂ ਵਿੱਚ ਬੱਚੇ ਛੋਟੀ ਦਸਤਾਰ ਸਜਾ ਕੇ ਆਉਂਦੇ ਹਨ। ਚਾਹੀਦਾ ਤਾਂ ਇਹ ਹੈ ਕਿ ਹਰੇਕ ਸਕੂਲ ਵਿੱਚ ਗੁਰਸਿੱਖ ਬੱਚੇ ਪਟਕੇ ਦੀ ਥਾਂ ਦਸਤਾਰ ਸਜਾ ਕੇ ਆਉਣ। ਦੇਸ਼ਾਂ-ਵਿਦੇਸ਼ਾਂ ਵਿੱਚ ਕਈ ਸਕੂਲਾਂ, ਕਾਲਜਾਂ ਵਿੱਚ ਦਸਤਾਰਧਾਰੀ ਲੜਕਾ-ਲੜਕੀ ਨੂੰ ਦਾਖ਼ਲਾ ਵੀ ਨਹੀਂ ਦਿੱਤਾ ਜਾਂਦਾ। ਵਿਦੇਸ਼ਾਂ ਵਿੱਚ ਕਈ ਵਿੱਦਿਅਕ ਅਦਾਰਿਆਂ ਵਿੱਚ ਦਸਤਾਰ ਸਜਾ ਕੇ ਆਉਣ ਦੀ ਮਨਾਹੀ ਹੈ। ਇਸ ਲਈ ਪੰਥ ਦੀਆਂ ਸਿਰਮੌਰ ਜਥੇਬੰਦੀਆਂ ਨੂੰ ਇਸ ਸੰਬੰਧੀ ਆਵਾਜ਼ ਉਠਾ ਕੇ ਦਸਤਾਰ ਦੀ ਮਹਾਨਤਾ ਬਾਰੇ ਜਾਣੂ ਕਰਵਾਉਣਾ ਚਾਹੀਦਾ ਹੈ।

ਸਿੱਖ ਲਈ ਦਸਤਾਰ ਦੀ ਵਿਸ਼ੇਸ਼ ਮਹੱਤਤਾ ਹੈ। ਦਸਤਾਰ ਬੰਨ੍ਹਣ ਲਈ ਸਿੱਖ ਵੱਡੀ ਤੋਂ ਵੱਡੀ ਕੁਰਬਾਨੀ ਕਰ ਸਕਦਾ ਹੈ। ਦਸਤਾਰ ਸਿੱਖ ਲਈ ਕੋਈ ਸਧਾਰਨ ਚਿੰਨ੍ਹ ਨਹੀਂ ਸਗੋਂ ਸਿੱਖ ਦੀ ਹਸਤੀ ਇਸ ਨਾਲ ਜੁੜੀ ਹੋਈ ਹੈ। ਅੰਮ੍ਰਿਤਧਾਰੀ ਸਿੰਘ ਦੀ ਜੇਕਰ ਕਿਤੇ ਦਸਤਾਰ ਲੱਥ ਜਾਵੇ ਤਾਂ ਉਹ ਮਰ-ਮਿਟਣ ਲਈ ਮਜ਼ਬੂਰ ਹੋ ਜਾਂਦਾ ਹੈ। ਦਸਤਾਰ ਦੀ ਕਈ ਧਾਰਮਿਕ ਸਮਾਗਮਾਂ, ਧਰਨਿਆਂ, ਜਲਸਿਆਂ ਤੇ ਗੁਰਦੁਆਰਿਆਂ ਵਿੱਚ ਖਿੱਚ-ਧੂਹ ਵੀ ਹੁੰਦੀ ਵੇਖੀ ਹੈ। ਦਸਤਾਰ ਸਤਿਗੁਰਾਂ ਵੱਲੋਂ ਬਖ਼ਿਸ਼ਆ ਮਹਾਨ ਚਿੰਨ੍ਹ ਹੈ ਜਿਸ ਨਾਲ ਸਿੱਖ ਲੱਖਾਂ ਦੀ ਗਿਣਤੀ ਵਿੱਚ ਵੀ ਖੜ੍ਹਾ ਪਛਾਣਿਆ ਜਾਂਦਾ ਹੈ। ਗੁਰੂ ਸਾਹਿਬਾਂ ਨੇ ਸਿੱਖਾਂ ਨੂੰ ਕੇਸਾਂ ਅਤੇ ਦਸਤਾਰ ਦਾ ਸਤਿਕਾਰ ਕਰਨ ਦੀ ਪ੍ਰੇਰਨਾ ਦਿੱਤੀ। ਵਿਦੇਸ਼ਾਂ (ਇੰਗਲੈਂਡ) ਵਿੱਚ ਸਿੱਖਾਂ ਦੇ ਧਾਰਮਿਕ ਜ਼ਜਬਾਤਾਂ ਦੀ ਕਦਰ ਕਰਦਿਆਂ ਇਹਨਾਂ ਨੂੰ ਕੇਸ-ਦਾੜ੍ਹੀਆਂ ਰੱਖ ਕੇ, ਦਸਤਾਰ ਸਜਾ ਕੇ, ਨੌਕਰੀ ਕਰਨ, ਵਾਹਨ ਚਲਾਉਣ ਤੇ ਵਰਦੀ ਪਾਉਣ, ਸਮਾਜਿਕ, ਧਾਰਮਿਕ, ਭਾਈਚਾਰਕ ਇਕੱਠਾਂ ਵਿੱਚ ਜਾਣ ਦੀ ਖੁੱਲ੍ਹ ਦਿੱਤੀ ਹੈ। ਗੁਰਦੁਆਰਾ ਦਸਤਾਰ ਅਸਥਾਨ ਪਾਉਂਟਾ ਸਾਹਿਬ ਵਿਖੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ/ਸੇਵਕਾਂ ਵਿੱਚ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਇਆ ਕਰਦੇ ਸਨ। ਸਭ ਤੋਂ ਸੁੰਦਰ ਦਸਤਾਰ ਸਜਾਉਣ ਵਾਲੇ ਨੂੰ ਇਨਾਮ ਤੇ ਸਨਮਾਨ ਦਿੰਦੇ ਸਨ। ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ, ਗੋਨਿਆਣਾ ਭਾਈ ਜਗਤਾ (ਬਠਿੰਡਾ) ਵਿਖੇ ਹਰ ਸਾਲ ਭਾਈ ਜਗਤਾ ਰਾਮ, ਮਹੰਤ ਆਸਾ ਸਿੰਘ, ਮਹੰਤ ਤੀਰਥ ਸਿੰਘ, ਸੰਤ ਹਰਪਾਲ ਸਿੰਘ 'ਸੇਵਾਪੰਥੀ' ਦੀ ਯਾਦ ਵਿੱਚ ਸਾਲਾਨਾ ਗੁਰਮਤਿ ਸਮਾਗਮ ਤੇ ਯੱਗ-ਭੰਡਾਰੇ ਦੇ ਸ਼ੁੱਭ ਅਵਸਰ 'ਤੇ 12 ਜਨਵਰੀ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸਨਮਾਨ ਚਿੰਨ੍ਹ ਤੇ ਨਕਦ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਸੰਤ ਬਾਬਾ ਰਾਮਪਾਲ ਸਿੰਘ ਜੀ ਵੱਲੋਂ ਆਪਣੇ ਪੂਜਨੀਕ ਪਿਤਾ ਸੰਤ ਬਾਬਾ ਗੁਲਜਾਰ ਸਿੰਘ ਜੀ ਦੀ ਸਾਲਾਨਾ ਬਰਸੀ 'ਤੇ ਪਿੰਡ ਝਾਂਡੇ ਜ਼ਿਲ੍ਹਾ ਲੁਧਿਆਣਾ ਵਿਖੇ 3 ਦਸੰਬਰ ਨੂੰ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਪਹਿਲਾ, ਦੂਜਾ ਤੇ ਤੀਜਾ ਸਥਾਨ ਹਾਸਲ ਕਰਨ ਵਾਲਿਆਂ ਨੂੰ ਸਿਰੋਪਾਉ, ਸਨਮਾਨ ਚਿੰਨ੍ਹ ਤੇ ਕ੍ਰਮਵਾਰ 5100, 3100, 2100 ਰੁਪਏ ਨਕਦ ਰਕਮ ਦੇ ਕੇ ਸਨਮਾਨਿਤ ਕੀਤਾ ਜਾਂਦਾ ਹੈ। ਹੋਰ ਵੀ ਬਹੁਤ ਸਾਰੇ ਪਿੰਡਾਂ/ਸ਼ਹਿਰਾਂ/ਨਗਰਾਂ ਵਿੱਚ ਵੱਖ-ਵੱਖ ਸਮੇਂ ਤੇ ਸੁੰਦਰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਂਦੇ ਹਨ। ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾ ਕੇ ਬੱਚਿਆਂ ਨੂੰ ਗੁਰਸਿੱਖੀ ਜੀਵਨ ਨਾਲ ਜੋੜੋ ਤੇ ਦਸਤਾਰ ਦੀ ਮਹਾਨਤਾ ਬਾਰੇ ਵਿਦਿਆਰਥੀਆਂ/ਬੱਚਿਆਂ ਨੂੰ ਜਾਣੂੰ ਕਰਵਾਉ। ਦਸਤਾਰ ਸਿੱਖ ਦੀ ਆਨ, ਸ਼ਾਨ, ਪਹਿਚਾਨ ਤੇ ਈਮਾਨ ਹੈ। ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਫ਼ਰੀਦਕੋਟ-ਸ਼੍ਰੀ ਮੁਕਤਸਰ ਸਾਹਿਬ-ਬਠਿੰਡਾ ਜੋਨ ਵੱਲੋਂ ਹਰ ਸਾਲ ਦਸਤਾਰ ਦਿਵਸ ਤੋਂ ਹਫ਼ਤਾ-ਦਸ ਦਿਨ ਪਹਿਲਾਂ 'ਦਸਤਾਰ ਚੇਤਨਾ ਮਾਰਚ' ਕੱਢਿਆ ਜਾਂਦਾ ਹੈ। ਚੇਤਨਾ ਮਾਰਚ ਵਿੱਚ 'ਜੇ ਤਖ਼ਤ ਨਹੀਂ ਤਾਜ਼ ਨਹੀਂ ਤਾਂ ਕਿੰਗ ਨਹੀਂ, ਜੇ ਕੇਸ ਨਹੀਂ ਦਸਤਾਰ ਨਹੀਂ ਤਾਂ ਸਿੰਘ ਨਹੀਂ", 'ਸਾਡੀ ਪੱਗ ਨਾਲ ਵੱਖਰੀ ਪਛਾਣ ਜਗ ਤੇ, ਕੀਤਾ ਪੱਗ ਨੇ ਹੈ ਉੱਚਾ ਸਾਡਾ ਮਾਣ ਜਗ ਤੇ, 'ਸੋਹਣੇ ਕੇਸ ਸਿਰ ਦਸਤਾਰ, ਕਲਗੀਧਰ ਦਾ ਬਣ ਸਰਦਾਰ', ਸਿਰ ਤੇ ਸੋਹੇ ਸੋਹਣੀ ਦਸਤਾਰ, ਉੱਚਾ ਸੁੱਚਾ ਸਾਡਾ ਕਿਰਦਾਰ', 'ਦਸਤਾਰ ਨਹੀਂ ਤਾਂ ਸਰਦਾਰ ਨਹੀਂ' ਸਟੀਕਰ ਤੇ ਗੁਰਮਤਿ ਸਾਹਿਤ ਵੀ ਵੱਡੀ ਤਾਦਾਦ ਵਿੱਚ ਵੰਡਿਆ ਜਾਂਦਾ ਹੈ। ਪਿੰਡਾਂ ਦੇ ਸਾਬਤ ਸੂਰਤ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਾਂਦਾ ਹੈ। ਅੱਜ ਤੋਂ ਪੁਰਾਣੇ ਸਮੇਂ ਵੱਲ ਝਾਤ ਮਾਰੀਏ ਤਾਂ ਪਤਾ ਲੱਗਦਾ ਹੈ ਕਿ ਪਹਿਲਾਂ ਮਾਵਾਂ ਆਪਣੇ ਬੱਚਿਆਂ ਦੀਆਂ ਦਸਤਾਰਾਂ ਚੁੰਮਦੀਆਂ ਹੋਈਆਂ ਬੱਚਿਆਂ ਦੀ ਸੋਹਣੀ ਦਸਤਾਰ ਤੇ ਮਾਣ ਕਰਦੀਆਂ ਸਨ ਪਰ ਉਸ ਦੇ ਬਿਲਕੁਲ ਉਲਟ ਅੱਜ ਦੀਆਂ ਮਾਵਾਂ ਬੱਚਿਆਂ ਦੇ ਕੇਸਾਂ ਨੂੰ ਸੰਭਾਲਣਾ ਵੀ ਬੋਝ ਸਮਝਦੀਆਂ ਹਨ। ਅੱਜ ਦੀਆਂ ਮਾਵਾਂ ਨੂੰ ਕਿੱਟੀ-ਪਾਰਟੀਆਂ, ਟੀ.ਵੀ. ਸੀਰੀਅਲਾਂ ਦੇ ਮਜ਼ੇ ਲੈਣ ਤੋਂ ਹੀ ਵਿਹਲ ਨਹੀਂ ਮਿਲਦੀ। ਉਹ ਆਪਣੇ ਬੱਚਿਆਂ ਨੂੰ ਸਿੱਖੀ ਸਰੂਪ ਵਾਲਿਆਂ ਦੀ ਦਾਸਤਾਨ ਅਤੇ ਕੁਰਬਾਨੀ ਕਿਵੇਂ ਸੁਣਾ ਸਕਦੀਆਂ ਹਨ। ਅੱਜ ਲੋੜ ਹੈ, ਮਾਤਾ-ਪਿਤਾ ਆਪਣੇ ਬੱਚਿਆਂ ਨੂੰ ਸਿੱਖੀ ਵੱਲ ਪ੍ਰੇਰਿਤ ਕਰਨ। ਗੁਰਮਤਿ ਵਿੱਚ ਦਸਤਾਰ ਦੀ ਵਿਸ਼ੇਸ਼ ਮਹਾਨਤਾ ਹੈ। 'ਸਾਬਤ ਸੂਰਤ ਦਸਤਾਰ ਸਿਰਾ'। ਦਸਤਾਰ ਬੰਨ੍ਹਣੀ ਸਿਖਾਉਣ ਲਈ ਅੱਜ ਬਜ਼ਾਰਾਂ ਵਿੱਚ ਥਾਂ-ਥਾਂ ਦੁਕਾਨਾਂ ਖੁੱਲ੍ਹੀਆਂ ਹੋਈਆਂ ਹਨ। ਬੱਚੇ, ਨੌਜਵਾਨ ਸੋਹਣੀ ਤੇ ਸੁੰਦਰ ਦਸਤਾਰ ਬੰਨ੍ਹਣ ਲਈ ਮਾਇਆ ਵੀ ਖ਼ਰਚ ਕਰਦੇ ਹਨ। ਦਸਤਾਰ ਸੰਬੰਧੀ ਗੁਰਦੁਆਰਿਆਂ/ਧਾਰਮਿਕ ਜਥੇਬੰਦੀਆਂ/ਸੰਪਰਦਾਵਾਂ ਨੂੰ ਹੇਠ ਲਿਖੇ ਨੁਕਤਿਆਂ ਤੇ ਧਿਆਨ ਦੇਣ ਦੇ ਲੋੜ ਹੈ।

1. ਦਸਤਾਰ ਦਿਵਸ 'ਤੇ ਹਰ ਸਾਲ 13 ਅਪ੍ਰੈਲ ਨੂੰ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣ ਅਤੇ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਦਸਤਾਰਾਂ ਦਿੱਤੀਆਂ ਜਾਣ।
2. ਹਰੇਕ ਗੁਰਦੁਆਰੇ ਵਿੱਚ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਜਾਵੇ, ਜਿਸ ਦਾ ਪ੍ਰਬੰਧ ਗੁਰਦੁਆਰਾ ਮੈਨੇਜਮੈਂਟ ਵੱਲੋਂ ਕੀਤਾ ਜਾਵੇ।
3. ਛੋਟੇ-ਛੋਟੇ ਬੱਚਿਆਂ ਨੂੰ ਬਚਪਨ ਤੋਂ ਹੀ ਦਸਤਾਰ ਸਜਾਉਣ ਤੇ ਗੁਰਸਿੱਖੀ ਜੀਵਨ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ ਜਾਵੇ।
4. ਗੁਰਦੁਆਰਿਆਂ/ਸੰਪਰਦਾਵਾਂ ਵਿੱਚ ਦਸਤਾਰ ਸਜਾਉਣ ਦੀ ਸਿਖਲਾਈ ਮੁਫ਼ਤ ਦਿੱਤੀ ਜਾਵੇ ਅਤੇ ਦਸਤਾਰ ਦੀ ਮਹਾਨਤਾ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ ਜਾਵੇ।
5. ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਿੰਘ ਸਭਾਵਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ ਵੱਲੋਂ ਦਸਤਾਰ ਦਿਵਸ 'ਤੇ ਦਸਤਾਰ ਸਜਾਉਣ ਦੇ ਮੁਕਾਬਲੇ ਕਰਵਾਏ ਜਾਣ। ਪਹਿਲੇ, ਦੂਜੇ ਤੇ ਤੀਜੇ ਸਥਾਨ ਤੇ ਆਉਣ ਵਾਲਿਆਂ ਨੂੰ ਸਿਰੋਪਾਉ, ਸਨਮਾਨ ਚਿੰਨ੍ਹ ਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਜਾਵੇ।

ਅੱਜ 13 ਅਪ੍ਰੈਲ ਨੂੰ ਦਸਤਾਰ ਦਿਵਸ 'ਤੇ ਹਰ ਗੁਰਸਿੱਖ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਗੁੰਮਰਾਹ ਹੋਏ ਨੌਜਵਾਨਾਂ ਨੂੰ ਪ੍ਰੇਰ ਕੇ ਸਿੱਖੀ ਸਰੂਪ ਵਿੱਚ ਸ਼ਾਮਲ ਕਰੇਗਾ ਤੇ ਦਸਤਾਰ ਸਜਾਉਣ ਲਈ ਪ੍ਰੇਰਿਤ ਕਰੇਗਾ।

**-ਕਰਨੈਲ ਸਿੰਘ ਐੱਮ.ਏ.ਲੁਧਿਆਣਾ**
**#1138/63-ਏ, ਗੁਰੂ ਤੇ.ਗ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ, ਜਮਾਲਪੁਰ, ਲੁਧਿਆਣਾ।**

ਆਵਾਜ਼ਿ ਕੌਮ AWAZE QAUM International Newspaper & WEB TV

### ਗੁਰਦੁਆਰਾ ਦਾਦੂ ਸਾਹਿਬ ਹੋਈ 'ਪੰਥਕ ਇਕੱਤਰਤਾ' ਨੇ

# ਸਿੱਖ ਸੰਸਥਾਵਾਂ ਨੂੰ ਬਾਦਲ ਪਰਿਵਾਰ ਤੋਂ ਅਜ਼ਾਦ ਕਰਾਉਣ ਦਾ ਦਿੱਤਾ ਸੱਦਾ

## ਜਥੇਦਾਰ ਦਾਦੂਵਾਲ ਜੀ ਨੇ ਹਰਿਆਣਾ ਕਮੇਟੀ ਲੰਗਰ ਲਈ ਆਪਣੇ ਟਰੱਸਟ ਵਲੋਂ 10 ਲੱਖ ਰੁਪਈਆ ਦੇਣ ਦਾ ਕੀਤਾ ਐਲਾਨ









ਸੰਸਾਰ ਭਰ ਵਿੱਚ ਗੁਰਬਾਣੀ ਗੁਰ ਇਤਿਹਾਸ ਸਿੱਖ ਸਿਧਾਂਤਾਂ ਦਾ ਪ੍ਰਚਾਰ ਕਰਨ ਪੰਥਕ ਮਸਲਿਆਂ ਤੇ ਸੰਘਰਸ਼ ਕਰਨ ਵਾਲੇ ਅਤੇ ਸਮਾਜ ਭਲਾਈ ਨੂੰ ਸਮਰਪਿਤ ਸ਼ਖਸ਼ੀਅਤ ਪ੍ਰਸਿੱਧ ਸਿੱਖ ਪ੍ਰਚਾਰਕ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਚੇਅਰਮੈਨ ਧਰਮ ਪ੍ਰਚਾਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਵਿੱਚ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂੰਹ ਮੌਜੂਦਾ ਤੇ ਸਾਬਕਾ ਅਹੁਦੇਦਾਰ ਮੈਂਬਰ ਸਾਹਿਬਾਨਾਂ ਵੱਲੋਂ ਗੁਰਦੁਆਰਾ ਗੁਰੂ ਗ੍ਰੰਥਸਰ ਦਾਦੂ ਸਾਹਿਬ ਸਿਰਸਾ ਹਰਿਆਣਾ ਵਿਖੇ ਸਿੱਖ ਸੰਸਥਾਵਾਂ ਨੂੰ ਸਿੱਖ ਵਿਰੋਧੀ ਤਾਕਤ ਬਾਦਲ ਪ੍ਰੀਵਾਰ ਤੋਂ ਬਚਾਉਣ ਵਾਸਤੇ 'ਅਕਾਲ ਤਖ਼ਤ ਦੇ ਦੋਸ਼ੀ ਬਾਦਲ ਭਜਾਓ ਮੀਰੀ ਪੀਰੀ ਕਾਲਜ ਪੰਥ ਹਰਿਆਣਾ ਕਮੇਟੀ ਬਚਾਓ' ਦੇ ਬੈਨਰ ਹੇਠ ਇੱਕ ਵੱਡੀ "ਪੰਥਕ ਇਕੱਤਰਤਾ" ਕੀਤੀ ਗਈ ਵੱਡੀ ਗਿਣਤੀ ਵਿੱਚ ਪੰਥਕ ਸ਼ਖਸੀਅਤਾਂ ਅਤੇ ਹਰਿਆਣਾ ਕਮੇਟੀ ਦੇ ਅਹੁਦੇਦਾਰ ਮੈਂਬਰ ਸਾਹਿਬਾਨਾਂ ਨੇ ਹਾਜ਼ਰੀ ਭਰੀ ਹਰਿਆਣੇ ਦੇ ਵੱਖ ਵੱਖ ਕੋਨਿਆਂ ਤੋਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਹਾਜ਼ਰ ਸਨ ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਜਥੇਦਾਰ ਦਾਦੂਵਾਲ ਜੀ ਦੇ ਸਹਾਇਕ ਭਾਈ ਜਗਮੀਤ ਸਿੰਘ ਬਰਾੜ ਨੇ ਦੱਸਿਆ ਕੇ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਅਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਾਬਕਾ ਮੁੱਖ ਗ੍ਰੰਥੀ ਸਿੰਘ ਸਾਹਿਬ ਗਿ. ਰਘਬੀਰ ਸਿੰਘ ਜੀ ਨੇ ਪੰਥਕ ਇਕੱਤਰਤਾ ਨੂੰ ਸੰਬੋਧਨ ਕਰਦਿਆਂ ਬਾਦਲ ਪ੍ਰੀਵਾਰ ਵੱਲੋਂ ਪੰਥ ਨਾਲ ਕੀਤੀਆਂ ਗਦਾਰੀਆਂ ਦੇ ਵੱਡੇ ਖੁਲਾਸੇ ਕੀਤੇ ਸੱਚਖੰਡ ਦਰਬਾਰ ਸਾਹਿਬ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀਆਂ ਸੇਵਾਵਾਂ ਨਿਭਾਉਂਦਿਆਂ ਇਨਾਂ ਮਹਾਨ ਸੰਸਥਾਵਾਂ ਵਿੱਚ ਜੋ ਬਾਦਲ ਪ੍ਰੀਵਾਰ ਦੀ ਦਖਲਅੰਦਾਜ਼ੀ ਨੂੰ ਦੇਖਿਆ ਉਹ ਸੰਗਤਾਂ ਨਾਲ ਸਾਂਝਾ ਕੀਤਾ ਕੇ ਕਿਵੇਂ ਸਿੱਖ ਕੌਮ ਦੀਆਂ ਇਨਾਂ ਮਹਾਨ ਸੰਸਥਾਵਾਂ ਨੂੰ ਬਾਦਲ ਪ੍ਰੀਵਾਰ ਨੇ ਨਿੱਜੀ ਹਿੱਤਾਂ ਲਈ ਵਰਤਿਆ ਅਤੇ ਇਨਾਂ ਕੌਮੀ ਸੰਸਥਾਵਾਂ ਦਾ ਬਹੁਤ ਭਾਰੀ ਨੁਕਸਾਨ ਕੀਤਾ ਪੰਥਕ ਬੁਲਾਰੇ ਭਾਈ ਮੋਹਕਮ ਸਿੰਘ ਦਮਦਮੀ ਟਕਸਾਲ ਨੇ ਵੀ ਬਾਦਲ ਪ੍ਰੀਵਾਰ ਦੀਆਂ ਪੰਥ ਪੰਜਾਬ ਨਾਲ ਕੀਤੀਆਂ ਗਦਾਰੀਆਂ ਦਾ ਜ਼ਿਕਰ ਕੀਤਾ ਤੇ ਸਿੱਖ ਸੰਗਤਾਂ ਨੂੰ ਬਾਦਲ ਪਰਿਵਾਰ ਤੋਂ ਆਪਣੀਆਂ ਸਿੱਖ ਸੰਸਥਾਵਾਂ ਅਜ਼ਾਦ ਕਰਵਾਉਣ ਦਾ ਸੱਦਾ ਦਿੱਤਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਅਤੇ ਮੌਜੂਦਾ ਮੈਂਬਰ ਬੇਬਾਕ ਬੁਲਾਰੇ ਜਥੇਦਾਰ ਕਰਨੈਲ ਸਿੰਘ ਪੰਜੋਲੀ ਨੇ ਵੀ ਬਾਦਲ ਪ੍ਰੀਵਾਰ ਦੀ ਸਰਪ੍ਰਸਤੀ ਵਿੱਚ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਿੱਚ ਆਏ ਨਿਘਾਰ ਦਾ ਜ਼ਿਕਰ ਕੀਤਾ ਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਵ ਉੱਚਤਾ ਨੂੰ ਲਾਈ ਗਈ ਢਾਹ ਬਾਰੇ ਸਿੱਖ ਸੰਗਤਾਂ ਨੂੰ ਜਾਣੂ ਕਰਵਾਇਆ ਪੰਥਕ ਮੁੱਦਿਆਂ ਤੇ ਸਰਗਰਮ ਰਹਿਣ ਵਾਲੇ ਸ. ਪਰਮਜੀਤ ਸਿੰਘ ਸਹੌਲੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸੁਤੰਤਰ ਵੱਲੋਂ ਵੀ ਬਾਦਲ ਪ੍ਰੀਵਾਰ ਦੇ ਸਿੱਖ ਵਿਰੋਧੀ ਤਾਕਤਾਂ ਏਜੰਸੀਆਂ ਨਾਲ ਮਿਲ ਕੇ ਕੀਤੇ ਗਏ ਸਿੱਖਾਂ ਦੇ ਕਤਲੇਆਮ,ਨਕੋਦਰ ਗੋਲੀ ਕਾਂਡ,ਬਰਗਾੜੀ ਕਾਂਡ,ਲੁਹਾਰਾ ਕਾਂਡ,ਚੌੜ ਸਿੱਧਵਾਂ ਕਾਂਡ,ਸੌਦਾ ਅਸਾਧ ਰਾਮ ਰਹੀਮ ਕਾਂਡ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕੀਤਾ ਅਤੇ ਬਾਦਲ ਪ੍ਰੀਵਾਰ ਤੋਂ ਕਿਨਾਰਾ ਕਰਨ ਲਈ ਸੰਗਤਾਂ ਨੂੰ ਪ੍ਰੇਰਿਆ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਸੀਨੀਅਰ ਪ੍ਰਧਾਨ ਅਤੇ ਮੌਜੂਦਾ ਸੀਨੀਅਰ ਮੈਂਬਰ ਸ. ਦੀਦਾਰ ਸਿੰਘ ਨਲਵੀ ਵੱਲੋਂ ਸ਼ੁਰੂ ਤੋਂ ਲੈ ਕੇ ਹੁਣ ਤੱਕ ਦੇ ਹਰਿਆਣਾ ਕਮੇਟੀ ਦੇ ਹਾਲਾਤਾਂ ਲਈ ਬਾਦਲ ਪ੍ਰੀਵਾਰ ਅਤੇ ਬਾਦਲ ਪ੍ਰੀਵਾਰ ਦੀ ਹੁਣ ਝੋਲੀ ਵਿੱਚ ਬੈਠੇ ਜਗਦੀਸ਼ ਸਿੰਘ ਝੀਂਡਾ ਬਾਰੇ ਖੁੱਲ ਕੇ ਸੰਗਤਾਂ ਨੂੰ ਜਾਣਕਾਰੀ ਦਿੱਤੀ ਭਾਈ ਗੁਰਦੀਪ ਸਿੰਘ ਬਠਿੰਡਾ ਪ੍ਰਧਾਨ ਸ਼ੇਰੇ ਪੰਜਾਬ ਅਕਾਲੀ ਦਲ ਵੱਲੋਂ ਸਿੱਖ ਨੌਜਵਾਨਾਂ ਨੂੰ ਬੰਦੀ ਬਣਾਉਣਾ ਤੇ ਬੰਦੀ ਸਿੰਘਾਂ ਦੀ ਰਿਹਾਈ ਮੰਗਦੇ ਸਿੱਖਾਂ ਦਾ ਕਤਲੇਆਮ ਅਤੇ ਬੰਦੀ ਬਣਾਉਣ ਜਿਹੇ ਘਿਨਾਉਣੇ ਅਪਰਾਧਾਂ ਨੂੰ ਸੰਗਤਾਂ ਦੇ ਸਾਹਮਣੇ ਰੱਖਿਆ ਭਾਈ ਬਠਿੰਡਾ ਨੇ ਕਿਹਾ ਕੇ ਇਹ ਉਹੀ ਬਾਦਲ ਪ੍ਰੀਵਾਰ ਹੈ ਜਿਹੜਾ ਕੌਮ ਲਈ ਕੁਰਬਾਨੀ ਕਰਨ ਵਾਲੇ ਨੌਜਵਾਨਾਂ ਨੂੰ ਅੱਤਵਾਦੀ ਵੱਖਵਾਦੀ ਦੱਸਦਾ ਰਿਹਾ ਹੈ ਬੇਕਸੂਰ ਸਿੱਖ ਨੌਜਵਾਨਾਂ ਦੇ ਕਾਤਲ ਸੁਮੇਧ ਸੈਣੀ ਨੂੰ ਪੁਲਿਸ ਮੁਖੀ ਲਾ ਕੇ ਬੇਕਸੂਰ ਨੌਜਵਾਨਾਂ ਦਾ ਕਤਲੇਆਮ ਕਰਵਾਉਂਦਾ ਰਿਹਾ ਹੈ ਹਰਿਆਣਾ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ ਨੇ ਕਿਹਾ ਕੇ ਜਥੇਦਾਰ ਬਲਜੀਤ ਸਿੰਘ ਦਾਦੂਵਾਲ ਜੀ ਅਜਿਹੀ ਸਖ਼ਸੀਅਤ ਹਨ ਜਿਨਾਂ ਨੇ ਹਰਿਆਣਾ ਕਮੇਟੀ ਦਾ ਨਾ ਕਦੇ ਸਾਧਨ ਅਤੇ ਨਾ ਕਦੇ ਮੁਲਾਜ਼ਮ ਅਤੇ ਨਾ ਹੀ ਕਦੇ ਆਪਣੇ ਲਈ ਇੱਕ ਰੁਪਈਆ ਵਰਤਿਆ ਸਗੋਂ ਆਪਣੇ ਕੋਲੋਂ ਹਰਿਆਣਾ ਕਮੇਟੀ ਲਈ ਖਰਚ ਕੀਤਾ ਅਤੇ ਹਰਿਆਣਾ ਕਮੇਟੀ ਦਾ ਕੇਸ ਹਰਿਆਣਾ ਦੇ ਸਿੱਖਾਂ ਨੂੰ ਸੁਪਰੀਮ ਕੋਰਟ ਵਿੱਚੋਂ ਜਿੱਤ ਕੇ ਦਿੱਤਾ ਜਥੇਦਾਰ ਦਾਦੂਵਾਲ ਜੀ ਨੇ ਸਿੱਖ ਸੰਗਤਾਂ ਨੂੰ ਸੰਬੋਧਨ ਹੁੰਦਿਆਂ ਕਿਹਾ ਕੇ ਉਨਾਂ ਦਾ ਮਕਸਦ ਗੁਰਬਾਣੀ ਗੁਰ ਇਤਿਹਾਸ ਗੁਰਮਤਿ ਦਾ ਪ੍ਰਚਾਰ ਪ੍ਰਸਾਰ ਹੈ ਇਸ ਪ੍ਰਚਾਰ ਪ੍ਰਸਾਰ ਨੂੰ ਰੋਕ ਲਾਉਣ ਵਾਸਤੇ ਸੌਦਾ ਅਸਾਧ ਦੇ ਇਸ਼ਾਰੇ ਤੇ ਜਿਵੇਂ ਬਾਦਲ ਪ੍ਰੀਵਾਰ ਨੇ ਉਨਾਂ ਨੂੰ ਜੇਲਾਂ ਵਿੱਚ ਡੱਕਿਆ ਝੂਠੇ ਮੁਕਦਮੇ ਦਰਜ ਕੀਤੇ ਇਹ ਸਾਰਾ ਪੰਥ ਜਾਣਦਾ ਹੈ ਹਰਿਆਣਾ ਕਮੇਟੀ ਵੀ ਬਾਦਲ ਪ੍ਰੀਵਾਰ ਦੀਆਂ ਹਰਿਆਣਾ ਵਿਚਲੇ ਸਿੱਖਾਂ ਦੇ ਕੀਤੇ ਅਪਮਾਨ ਅਤੇ ਵਿਤਕਰੇ ਦਾ ਹੀ ਨਤੀਜਾ ਹੈ ਜਥੇਦਾਰ ਦਾਦੂਵਾਲ ਨੇ ਦੱਸਿਆ ਕੇ ਕਿਵੇਂ 2014 ਤੋਂ ਲੈ ਕੇ ਹੁਣ ਤੱਕ ਸਿੱਖ ਪੰਥ ਅਤੇ ਹਰਿਆਣਾ ਕਮੇਟੀ ਦੀ ਸੇਵਾ ਕੀਤੀ ਅਤੇ ਸੁਪਰੀਮ ਕੋਰਟ ਤੋਂ ਕੇਸ ਹਰਿਆਣਾ ਦੇ ਸਿੱਖਾਂ ਹਰਿਆਣਾ ਕਮੇਟੀ ਦੇ ਹੱਕ ਵਿੱਚ ਜਿੱਤ ਕੇ ਦਿੱਤਾ ਜਥੇਦਾਰ ਦਾਦੂਵਾਲ ਨੇ ਦੱਸਿਆ ਕੇ ਕਿਵੇਂ ਸ੍ਰੀ ਅਕਾਲ ਤਖਤ ਸਾਹਿਬ ਸ੍ਰੋਮਣੀ ਕਮੇਟੀ,ਅਕਾਲੀ ਦਲ ਪੰਥ ਦੇ ਸਿਧਾਂਤਾਂ ਨੂੰ ਬਾਦਲ ਪਰਿਵਾਰ ਨੇ ਨੁਕਸਾਨ ਪਹੁੰਚਾਇਆ ਤੇ ਇਨਾਂ ਮਹਾਨ ਸੰਸਥਾਵਾਂ ਨੂੰ ਅੱਜ ਇਸ ਨਿਘਾਰ ਤੱਕ ਲੈ ਗਏ ਅਤੇ ਮਹਾਨ ਸੰਸਥਾਵਾਂ ਦੇ ਮਾਣ ਸਨਮਾਨ ਨੂੰ ਬਾਦਲ ਪ੍ਰੀਵਾਰ ਨੇ ਭਾਰੀ ਢਾਹ ਲਾਈ ਹੈ ਜਥੇਦਾਰ ਦਾਦੂਵਾਲ ਨੇ ਪੰਥਕ ਸੰਸਥਾਵਾਂ ਨੂੰ ਬਾਦਲ ਪ੍ਰੀਵਾਰ ਤੋਂ ਬਚਾਉਣ ਲਈ ਦੁਨੀਆਂ ਭਰ ਦੇ ਪੰਥ ਦਰਦੀ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਹਿਬ ਜੀ ਦੀ ਛਤਰਛਾਇਆ ਹੇਠ ਇਕੱਤਰ ਹੋਣ ਦਾ ਸੱਦਾ ਦਿੱਤਾ ਜਥੇਦਾਰ ਦਾਦੂਵਾਲ ਜੀ ਨੇ ਆਪਣੇ ਸੁੱਖ ਸੇਵਾ ਸਿਮਰਨ ਟਰੱਸਟ ਵੱਲੋਂ ਹਰਿਆਣਾ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਲੰਗਰ ਲਈ 10 ਲੱਖ ਰੁਪਈਆ ਭੇਟਾ ਦੇਣ ਦਾ ਵੀ ਐਲਾਨ ਕੀਤਾ ਅੱਜ ਦੀ ਪੰਥਕ ਇਕੱਤਰਤਾ ਵਿੱਚ ਜਿੱਥੇ ਹਰਿਆਣੇ ਦੀਆਂ ਸਿੱਖ ਸੰਗਤਾਂ ਪੰਚ ਸਰਪੰਚ ਨੰਬਰਦਾਰ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਪ੍ਰਧਾਨ ਗ੍ਰੰਥੀ ਸਿੰਘ ਸਾਹਿਬਾਨ ਹਾਜ਼ਰ ਸਨ ਉੱਥੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਭੁਪਿੰਦਰ ਸਿੰਘ ਅਸੰਧ,ਸ.ਗੁਰਮੀਤ ਸਿੰਘ ਰਾਮਸਰ ਸੀਨੀਅਰ ਮੀਤ ਪ੍ਰਧਾਨ,ਸ. ਗੁਰਵੀਰ ਸਿੰਘ ਤਲਾਕੌਰ ਯਮੁਨਾਨਗਰ ਜੂਨੀਅਰ ਮੀਤ ਪ੍ਰਧਾਨ.ਸ.ਤਜਿੰਦਰਪਾਲ ਸਿੰਘ ਨਾਰਨੌਲ ਅੰਤ੍ਰਿੰਗ ਮੈਂਬਰ,ਸ. ਜਗਤਾਰ ਸਿੰਘ ਮਾਨ ਮਿੱਠੜੀ ਅੰਤ੍ਰਿੰਗ ਮੈਂਬਰ,ਸ. ਗੁਰਪਾਲ ਸਿੰਘ ਗੋਰਾ ਐਲਨਾਬਾਦ ਮੈਂਬਰ,ਜਥੇਦਾਰ ਸਵਰਨ ਸਿੰਘ ਬੁੰਗਾ ਟਿੱਬੀ ਮੈਂਬਰ ਪੰਚਕੂਲਾ,ਬੀਬੀ ਕਰਤਾਰ ਕੌਰ ਸ਼ਾਹਬਾਦ ਮਾਰਕੰਡਾ ਸੀਨੀਅਰ ਮੈਂਬਰ,ਸ. ਰਜਿੰਦਰ ਸਿੰਘ ਬਰਾੜਾ ਮੈਂਬਰ ਅੰਬਾਲਾ,ਸਰਪੰਚ ਭੁਪਿੰਦਰ ਸਿੰਘ ਲਾਡੀ ਪ੍ਰਧਾਨ ਮੈਂਬਰ ਪ੍ਰਤੀਨਿਧ ਬੀਬੀ ਕਪੂਰ ਕੌਰ ਸੌਂਕੜਾ,ਜਥੇਦਾਰ ਬਲਦੇਵ ਸਿੰਘ ਹਾਬੜੀ ਮਹਾਕਾਲ ਨਿਹੰਗ ਸਿੰਘ ਮੈਂਬਰ ਕੈਂਥਲ,ਜਥੇਦਾਰ ਸੁਖਵਿੰਦਰ ਸਿੰਘ ਮੰਡੇਬਰ ਸਾਬਕਾ ਜਰਨਲ ਸਕੱਤਰ,ਭੁਪਿੰਦਰ ਸਿੰਘ ਸੈਣੀ ਮੈਂਬਰ ਪ੍ਰਤੀਨਿਧ ਕੈਪਟਨ ਦਿਲਬਾਗ ਸਿੰਘ ਸਜ਼ਾਦਪੁਰ,ਪਰਮਜੀਤ ਸਿੰਘ ਮਾਖਾ ਸਾਬਕਾ ਮੈਂਬਰ,ਅਜੈਬ ਸਿੰਘ ਨਿੰਮਨਾਬਾਦ,ਜਥੇਦਾਰ ਗੁਰਜਿੰਦਰ ਸਿੰਘ ਜੀਂਦ ਮੈਂਬਰ ਪ੍ਰਤੀਨਿਧ ਬੀਬੀ ਪਰਮਿੰਦਰ ਕੌਰ ਜੀਂਦ ਸਾਬਕਾ ਅੰਤਰਿੰਗ ਮੈਂਬਰ,ਇੰਦਰਜੀਤ ਸਿੰਘ ਵਾਸੂਦੇਵਾ ਸਾਬਕਾ ਮੈਂਬਰ,ਐਡਵੋਕੇਟ ਸ਼ਿੰਦਰਪਾਲ ਸਿੰਘ ਬਰਾੜ,ਬਾਬਾ ਪ੍ਰਦੀਪ ਸਿੰਘ ਚਾਂਦਪੁਰਾ,ਬਾਪੂ ਪ੍ਰੀਤਮ ਸਿੰਘ ਦਾਦੂਵਾਲ,ਬਾਬਾ ਗਾਂਧੀ ਸਿੰਘ ਕਾਰ ਸੇਵਾ ਕੇਵਲ,ਬਾਬਾ ਜੀਵਨ ਸਿੰਘ ਚੁਨਾਗਰਾ,ਬਾਬਾ ਸਵਰਨ ਸਿੰਘ,ਨਰਿੰਦਰ ਸਿੰਘ ਗਿੱਲ ਕੁਰੂਕਸ਼ੇਤਰ,ਨਿਰਮਲ ਸਿੰਘ ਮੱਲੜੀ,ਦਲਜੀਤ ਸਿੰਘ ਕਾਦੀਆਂ,ਸੁਖਦੇਵ ਸਿੰਘ ਬੜਾਗੁੜਾ ਸਮੇਤ ਪੰਚਕੂਲਾ, ਅੰਬਾਲਾ, ਯਮੁਨਾਨਗਰ, ਕੁਰੂਕਸ਼ੇਤਰ, ਕੈਂਥਲ, ਜੀਂਦ,ਮਹਿੰਦਰਗੜ ਨਾਰਨੌਲ,ਸਿਰਸਾ,ਫਤਿਹਾਬਾਦ,ਕਰਨਾਲ ਤੋਂ ਵੀ ਪੰਚ ਸਰਪੰਚ ਸਿੱਖ ਸੰਗਤਾਂ ਹਾਜ਼ਰ ਸਨ। ••

ਬੇਅਦਬੀ ਬਿੱਲ ਕੈਬਨਿਟ ਵੱਲੋਂ ਸਰਬ ਸੰਮਤੀ ਨਾਲ ਪਾਸ

# ਸਪੈਸ਼ਲ ਵਿਧਾਨ ਸਭਾ ਸੈਸ਼ਨ ਬੁਲਾ ਕੇ ਦਿੱਤੀ ਜਾਵੇਗੀ ਪ੍ਰਵਾਨਗੀ



ਤਲਵੰਡੀ ਸਾਬੋ, 12 ਅਪ੍ਰੈਲ (ਗੁਰਜੰਟ ਸਿੰਘ ਨਥੇਹਾ)- ਵਿਸਾਖੀ ਦੇ ਸ਼ੁਭ ਦਿਹਾੜੇ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਜ ਹਲਕਾ ਇਤਹਾਸਿਕ ਸਹਿਰ ਵਿਸ਼ੇਸ਼ ਤੌਰ ਤੇ ਨਤਮਸਤਕ ਹੋਣ ਲਈ ਤਖਤ ਸ੍ਰੀ ਦਮਦਮਾ ਸਾਹਿਬ ਵਿਖੇ ਪਹੁੰਚੇ ਇਸ ਮੌਕੇ ਉਨਾਂ ਹਲਕਾ ਤਲਵੰਡੀ ਸਾਬੋ ਦੇ ਵਿਧਾਇਕ ਪ੍ਰੋ: ਬਲਜਿੰਦਰ ਕੌਰ ਦੇ ਯਤਨਾਂ ਸਦਕਾ ਵੱਲੋਂ ਪ੍ਰਸ਼ਾਸਨਿਕ ਕੰਪਲੈਕਸ ਦਾ ਉਦਘਾਟਨ ਵੀ ਕੀਤਾ ਗਿਆ ਆਪਣੇ ਸੰਬੋਧਨ ਦੌਰਾਨ ਉਨਾਂ ਕਿਹਾ ਕਿ ਪਿਛਲੇ 40 ਸਾਲਾਂ ਦੀ ਬਣੀ ਹੋਈ ਸੀ ਜੋ ਹੁਣ ਖਸਤਾ ਹਾਲਤ ਕਰਾਰ ਦਿੱਤੀ ਹੋਈ ਸੀ ਜਿਸ ਲਈ ਉਸਦੀ ਜਗਾ ਸਾਰੇ ਦਫਤਰ ਇੱਕ ਛੱਤ ਹੇਠ ਕਰਨ ਲਈ ਕਰੋੜਾਂ ਰੁਪਏ ਨਾਲ ਬਣਿਆ ਮਜਿਸਟ੍ਰੇਟ ਕੰਪਲੈਕਸ ਦਾ ਉਦਘਾਟਨ ਕੀਤਾ ਗਿਆ ਜਿਸ ਵਿੱਚ ਸਾਰੇ ਦਫਤਰ ਇੱਕ ਛੱਤ ਹੇਠ ਹੋਣਗੇ।ਇਸ ਮੌਕੇ ਉਨਾਂ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਬੇਅਦਬੀ ਖਿਲਾਫ ਨਵਾਂ ਕਾਨੂੰਨ ਬਣਾਉਣ ਲਈ 13 ਅਪ੍ਰੈਲ ਨੂੰ ਵਿਸ਼ੇਸ਼ ਵਿਧਾਨ ਸਭਾ ਸੈਸ਼ਨ ਬੁਲਾਇਆ ਗਿਆ ਹੈ ਉਹਨਾਂ ਕਿਹਾ ਕਿ ਜਾਗਰਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰਤ ਐਕਟ 2008 ਵਿੱਚ ਹੀ ਕੁਝ ਨਵੀਆਂ ਚੀਜ਼ਾਂ ਸ਼ਾਮਿਲ ਕੀਤੀਆਂ ਗਈਆਂ ਹਨ ਜਿਸ ਨਾਲ ਬੇਅਦਬੀ ਕਰਨ ਵਾਲੇ ਦੀ ਮਨਸ਼ਾ ਅਤੇ ਉਸ ਦੇ ਪੈਣ ਵਾਲੇ ਪ੍ਰਭਾਵ ਸਬੰਧੀ ਐਡ ਕਰਕੇ ਮੋਟੇ ਜੁਰਮਾਨੇ ਦੀ ਸ਼ਰਤ ਲਗਾਈ ਗਈ ਹੈ ਉਹਨਾਂ ਕਿਹਾ ਕਿ ਇਸ ਐਕਟ ਵਿੱਚ ਨਵਾਂ ਐਡ ਕਰਨ ਲਈ ਕਾਨੂੰਨੀ ਮਾਹਰਾਂ ਦੀ ਰਹਿ ਲਈ ਗਈ ਹੈ ਇਸ ਬਿੱਲ ਨੂੰ ਕੈਬਨਟ ਵੱਲੋਂ ਪ੍ਰਵਾਨਗੀ ਦੇ ਦਿੱਤੀ ਗਈ ਹੈ ਜਦੋਂ ਕਿ ਕੱਲ ਵਿਧਾਨ ਸਭਾ ਸੈਸ਼ਨ ਦੌਰਾਨ ਇਸ ਨੂੰ ਪ੍ਰਵਾਨ ਕਰਕੇ ਲਾਗੂ ਕਰ ਦਿੱਤਾ ਜਾਵੇਗਾ, ਉਹਨਾਂ ਕਿਹਾ ਕਿ ਤੇਰਾ ਅਪ੍ਰੈਲ ਤੋਂ ਹੀ ਨੌ ਹਲਕਿਆਂ ਵਿੱਚ ਮਹਿਲਾਵਾਂ ਅਤੇ ਲੜਕੀਆਂ ਨੂੰ ਜਰਨਲ ਵਰਗ ਨੂੰ 1000 ਅਤੇ ਐਸਸੀ ਵਰਗ ਨੂੰ 1500 ਰੁਪਏ ਦੇਣ ਸਬੰਧੀ ਰਜਿਸਟਰੇਸ਼ਨ ਸ਼ੁਰੂ ਕੀਤੀ ਜਾਵੇਗੀ ਅਤੇ ਸਭ ਤੋਂ ਪਹਿਲਾਂ ਇਹ ਆਦਮਪੁਰ ਹਲਕੇ ਤੋਂ ਸ਼ੁਰੂ ਹੋਵੇਗੀ ਉਹਨਾਂ ਕਿਹਾ ਕਿ ਇਹ ਸਾਰੀਆਂ ਮਹਿਲਾਵਾਂ ਨੂੰ ਲਾਭ ਮਿਲੇਗਾ ਜਿਨਾਂ ਵੱਲੋਂ ਜਦੋਂ ਵੀ ਰਜਿਸਟਰੇਸ਼ਨ ਕਰਵਾਈ ਜਾਵੇਗੀ ਉਹਨਾਂ ਨੂੰ ਲਾਗੂ ਹੋਣ ਵਾਲੀ ਨੀਤੀ ਤੋਂ ਹੀ ਪੈਸੇ ਮਿਲਣਗੇ ਕੇਂਦਰ ਵੱਲੋਂ ਲਿਆਂਦੇ ਜਾ ਰਹੇ ਮੈਲਾ ਰੱਖਸ਼ਨ ਬਿੱਲ ਤੇ ਬੋਲਦੇ ਹੋਣਾ ਕਿਹਾ ਕਿ ਜੇਕਰ ਇਹ ਬਿੱਲ ਲਿਆਂਦਾ ਜਾਂਦਾ ਹੈ ਤਾਂ ਆਮ ਆਦਮੀ ਪਾਰਟੀ ਇਸ ਬਿੱਲ ਦੀ ਸਪੋਰਟ ਕਰੇਗੀ ਉਨਾਂ ਕਿਹਾ ਕਿ ਹਰ ਇੱਕ ਵਰਗ ਨੂੰ ਬਰਾਬਰ ਦਾ ਮਾਣ ਸਨਮਾਨ ਮਿਲਣਾ ਚਾਹੀਦਾ।ਇਸ ਮੌਕੇ ਉਨਾਂ ਤਲਵੰਡੀ ਸਾਬੋ ਦਾ ਬੱਸ ਸਟੈਂਡ ਵੀ ਬਣਾਉਣ ਦਾ ਐਲਾਨ ਕੀਤਾ।ਇਸ ਮੌਕੇ ਡਿਪਟੀ ਕਮਿਸਨਰ ਰਾਜੇਸ ਧੀਮਾਨ, ਜੋਤੀ ਯਾਦਵ ਜਿਲਾ ਪੁਲਿਸ ਮੁਖੀ, ਐਸ ਡੀ.ਐਮ ਰਾਜੇਸ਼ ਸਰਮਾ ,ਆਪ ਆਗੂ ਨੀਲ ਗਰਗ,ਨਗਰ ਪੰਚਾਇਤ ਪ੍ਰਧਾਨ ਦੀ ਤਰਫੋਂ ਕੁਲਜੀਤ ਸਿੰਘ ਸਰਾ, ਚੈਅਰਮੈਨ ਮਾਰਕੀਟ ਟੇਕ ਸਿੰਘ ਬੰਗੀ,ਚੈਅਰਮੈਨ ਮਾਰਕੀਟ ਕਮੇਟੀ ਰਾਮਾਂ ਗੁਰਪ੍ਰੀਤ ਕੌਰ,ਜਤਿੰਦਰ ਭੱਲਾ ਚੇਅਰਮੈਨ,ਨੀਲ ਗਰਗ ਚੇਅਰਮੈਨ ਸਮੇਤ ਜਿਲਾ ਆਗੂ ਤੇ ਬਲਾਕ ਆਗੂ ਤੇ ਪ੍ਰਸਾਨਿਨਕ ਅਧਿਕਾਰੀ ਮੌਜੂਦ ਸਨ।

ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿੱਚ

# ਸਕੂਲ ਆਫ਼ ਐਮੀਨੈਂਸ ਬਰਨਾਲਾ ਦਾ ਅੱਠਵੀਂ ਜਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ

ਬਰਨਾਲਾ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)-ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਐਲਾਨੇ ਗਏ ਅੱਠਵੀਂ ਜਮਾਤ ਦੇ ਨਤੀਜੇ ਵਿੱਚ ਜ਼ਿਲ੍ਹਾ ਬਰਨਾਲਾ ਅਧੀਨ "ਸ਼ਹੀਦ ਹੌਲਦਾਰ ਬਿੱਕਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਆਫ਼ ਐਮੀਨੈਂਸ, ਬਰਨਾਲਾ" ਦਾ ਅੱਠਵੀਂ ਜਮਾਤ ਦਾ ਨਤੀਜਾ ਸੌ ਪ੍ਰਤੀਸ਼ਤ ਰਿਹਾ ਹੈ। ਮਾਣਯੋਗ ਸ. ਸੁਨੀਤਇੰਦਰ ਸਿੰਘ ਜੀ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਬਰਨਾਲਾ ਤੇ ਡਾ. ਬਰਜਿੰਦਰਪਾਲ ਸਿੰਘ ਜੀ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਸਿੱਖਿਆ) ਬਰਨਾਲਾ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਹਰੀਸ਼ ਬਾਂਸਲ ਜੀ ਦੀ ਯੋਗ ਅਗਵਾਈ ਹੇਠ ਸਤਿਕਾਰਯੋਗ ਜਮਾਤ ਇੰਚਾਰਜ ਸਾਹਿਬਾਨ/ਵਿਸ਼ਾ ਮਾਹਿਰ ਅਧਿਆਪਕ ਸਾਹਿਬਾਨ ਦੀ ਸਖ਼ਤ ਮਿਹਨਤ ਅਤੇ ਯੋਜਨਾਬੰਦੀ ਨਾਲ ਅੱਠਵੀਂ ਜਮਾਤ ਦੇ 106/106 70 ਫਸਟ ਡਵੀਜ਼ਨ ਅਤੇ 36 ਸੈਕਿੰਡ ਡਵੀਜ਼ਨ ਵਿਦਿਆਰਥੀਆਂ ਨੇ ਸ਼ਾਨਦਾਰ ਨਤੀਜੇ (100%)ਪ੍ਰਾਪਤ ਕੀਤੇ ਹਨ।ਲਵ ਸਿੰਗਲਾ ਪੁੱਤਰ ਗਿਆਨੇਂਦਰ ਸਿੰਗਲਾ ਨੇ 542/600 ਅੰਕ ਨਾਲ ਪਹਿਲੀ ਪੁਜੀਸ਼ਨ, ਲਕਸ਼ ਸਿੰਗਲਾ ਪੁੱਤਰ ਗਿਆਨੇਂਦਰ ਸਿੰਗਲਾ ਨੇ 520/600 ਅੰਕ ਨਾਲ ਦੂਜੀ ਪੁਜੀਸ਼ਨ, ਅਕਾਸ਼ਦੀਪ ਸਿੰਘ ਪੁੱਤਰ ਨੇ 513/600 ਅੰਕ ਨਾਲ ਤੀਜੀ ਪੁਜੀਸ਼ਨ, ਅਰਮਾਨ ਪੁੱਤਰ ਸਲੀਮ ਨੇ 499/600 ਅੰਕ ਨਾਲ ਚੌਥੀ ਪੁਜੀਸ਼ਨ ਅਤੇ ਅਭਿਸ਼ੇਕ ਪੁੱਤਰ ਦਿਯਾ ਸ਼ੰਕਰ ਨੇ 495/600 ਅੰਕਾਂ ਨਾਲ ਪੰਜਵੀਂ ਪੁਜੀਸ਼ਨ ਪ੍ਰਾਪਤ ਕੀਤੀ ਹੈ।ਇਸ ਸ਼ਾਨਦਾਰ ਨਤੀਜੇ ਦਾ ਸਿਹਰਾ ਸਤਿਕਾਰਯੋਗ ਜਮਾਤ ਇੰਚਾਰਜ ਸਾਹਿਬਾਨ ਮੈਡਮ ਸੋਨੀਆ (81), ਮੈਡਮ ਰਾਜਵਿੰਦਰ ਕੌਰ ਜੋਸ਼ੀ (82), ਮੈਡਮ ਅੰਜਲਾ ਰਾਣੀ (83) ਅਤੇ ਵਿਸ਼ਾ ਮਾਹਿਰ ਅਧਿਆਪਕ ਸਾਹਿਬਾਨ ਦੀ ਸਫ਼ਲ ਯੋਜਨਾਬੰਦੀ ਤੇ ਵਿਦਿਆਰਥੀਆਂ ਦੀ ਸਖ਼ਤ ਮਿਹਨਤ ਨੂੰ ਜਾਂਦਾ ਹੈ। ਮਾਣਯੋਗ ਡੀਈਓ ਸ.ਸੁਨੀਤਇੰਦਰ ਸਿੰਘ ਜੀ, ਡਿਪਟੀ ਡੀਈਓ ਡਾ. ਬਰਜਿੰਦਰਪਾਲ ਸਿੰਘ ਜੀ ਅਤੇ ਸਕੂਲ ਪ੍ਰਬੰਧਕ ਕਮੇਟੀ ਚੈਅਰਮੈਨ ਸ੍ਰੀ ਕਮਲ ਮਹਿਰਾ ਅਤੇ ਸਮੂਹ ਕਮੇਟੀ ਮੈਂਬਰਜ ਨੇ ਸਤਿਕਾਰਯੋਗ ਮਾਤਾ-ਪਿਤਾ, ਸਮੂਹ ਸਟਾਫ਼ ਮੈਂਬਰਜ ਅਤੇ ਵਿਦਿਆਰਥੀਆਂ ਨੂੰ ਮੁਬਾਰਕਬਾਦ ਭੇਜੀ ਹੈ। ਪ੍ਰਿੰਸੀਪਲ ਹਰੀਸ਼ ਬਾਂਸਲ ਜੀ ਨੇ ਭਵਿੱਖ ਵਿੱਚ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੰਦੇ ਹੋਏ ਵਿੱਦਿਆ ਦੇ ਨਾਲ-ਨਾਲ ਹਰ ਖੇਤਰ ਵਿੱਚ ਭਾਗ ਲੈਣ ਲਈ ਅਤੇ ਪ੍ਰਾਪਤੀਆਂ ਕਰਨ ਲਈ ਪ੍ਰੇਰਿਤ ਕੀਤਾ।

# ਸਾਬਕਾ ਸੈਨਿਕ ਵਿੰਗ ਵੱਲੋਂ ਜ਼ਿਲ੍ਹਾ ਪ੍ਰਧਾਨ ਅਤੇ ਤਿੰਨ ਬਲਾਕਾ ਦੇ ਪ੍ਰਧਾਨ ਨਿਯੁਕਤ ਫੌਜੀਆਂ ਤੇ ਪਰਿਵਾਰਾਂ ਨੂੰ ਆ ਰਹੀਆਂ ਮੁਸ਼ਕਲਾਂ 'ਤੇ ਕੀਤੀ ਵਿਚਾਰ-ਚਰਚਾ : ਸਿੱਧੂ



ਬਰਨਾਲਾ, 12 ਅਪ੍ਰੈਲ (ਆਵਾਜ਼ਿ ਕੌਮ ਬਿਊਰੋ)- ਸਥਾਨਕ ਕਲੱਬ ਵਿੱਖੇ ਜਿਲ੍ਹਾ ਬਰਨਾਲਾ ਨਾਲ ਸਬੰਤਤ ਸਾਬਕਾ ਸੈਨਿਕਾਂ ਦੀ ਮਹੀਨਾਵਾਰ ਮੀਟਿੰਗ ਕੈਪਟਨ ਬਿੱਕਰ ਸਿੰਘ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਸੂਬਾ ਪ੍ਰਧਾਨ ਅਤੇ ਭਾਜਪਾ ਦੇ ਸੀਨੀਅਰ ਆਗੂ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਵਿਸੇਸ ਤੌਰ ਤੇ ਸ਼ਿਰਕਤ ਕੀਤੀ ਵੱਖ ਵੱਖ ਆਗੂਆਂ ਨੇ ਸਾਬਕਾ ਸੈਨਿਕਾ ਨੂੰ ਆ ਰਹੀਆਂ ਮੁਸਕਲਾ ਬਾਬਤ ਵਿਸਥਾਰ ਨਾਲ ਦੱਸਿਆ ਈਸੀਐਸਐਚ ਵਿੱਚ ਦਵਾਈਆਂ ਡਿਊਟੀ ਦੌਰਾਨ ਬਣਵਾਏ ਗਨ ਲਾਇਸੈਂਸ ਬਰਨਾਲਾ ਦੇ ਲੋਕਲ ਹਸਪਤਾਲਾਂ ਨੂੰ ਇੰਮਪੈਨਲਮੈਂਟ ਕਰਵਾਉਣ ਸਬੰਧੀ ਵਿਸਥਰਪੂਰਵਕ ਵਿਚਾਰ ਵਟਾਂਦਰਾ ਕੀਤਾ ਗਿਆ ਕੈਪਟਨ ਸਿੱਧੂ ਨੇ ਇਹ ਸਮੱਸਿਆਵਾਂ ਨੂੰ ਹੱਲ ਕਰਨ ਦਾ ਭਰੋਸਾ ਦਿੱਤਾ ਉਹਨਾਂ ਸਮੂਹ ਸਾਬਕਾ ਸੈਨਿਕਾ ਨੂੰ ਲਾਮਬੰਦ ਹੋਣ ਲਈ ਅਪੀਲ ਕੀਤੀ ਤਾਕਿ ਆਪਣੇ ਵਰਗ ਵਿੱਚੋ ਭੀ ਮੈਬਰ ਪਾਰਲੀਮੈਂਟ ਅਤੇ ਐਮ ਐਲ ਏ ਬਣ ਸਕਣ ਜਿੰਨਾ ਚਿਰ ਤੁਹਾਡੇ ਕੋਲ ਰਾਜਨੀਤਕ ਸਕਤੀਆ ਨਹੀਂ ਆਉਂਦੀਆਂ ਉਨ੍ਹਾਂ ਚਿਰ ਸਾਬਕਾ ਫੌਜੀਆ ਦਾ ਇਸੇ ਤਰਾ ਸੋਸਣ ਹੁੰਦਾ ਰਹੇਗਾ ਉਹਨਾਂ ਸਾਬਕਾ ਸੈਨਿਕਾ ਨੂੰ ਅਪੀਲ ਕੀਤੀ ਕਿ ਜਿੰਨਾ ਦੇ ਭੀ ਗਨ ਲਾਇਸੈਂਸ ਡਿਊਟੀ ਦੌਰਾਨ ਬਣਾਏ ਹਨ ਅਤੇ ਆਨ ਲਾਈਨ ਚੜੇ ਹੋਏ ਹਨ ਉਹ ਮੈਨੂੰ ਸਾਰੇ ਨੋਟ ਕਰਵਾ ਦੇਣ ।ਸਰਬਸੰਮਤੀ ਨਾਲ ਨਵੇਂ ਪ੍ਰਧਾਨ ਦੀ ਚੋਣ ਕੀਤੀ ਗਈ ਸੂਬੇਦਾਰ ਮੇਜਰ ਰਾਜ ਸਿੰਘ ਨੂੰ ਜ਼ਿਲ੍ਹਾ ਪ੍ਰਧਾਨ ਲਾਇਆ ਗਿਆ ਹੌਲਦਾਰ ਹਰਬੰਸ ਸਿੰਘ ਨੂੰ ਧਾਨੋਲਾ ਬਲਾਕ ਦਾ ਪ੍ਰਧਾਨ ਲਾਇਆ ਗਿਆ ਹੌਲਦਾਰ ਬਸੰਤ ਸਿੰਘ ਬਲਾਕ ਬਰਨਾਲਾ ਦੇ ਪ੍ਰਧਾਨ ਅਤੇ ਹੌਲਦਾਰ ਅਮਨਪ੍ਰੀਤ ਸਿੰਘ ਨੂੰ ਬਲਾਕ ਭਦੌੜ ਦਾ ਪ੍ਰਧਾਨ ਲਾਇਆ ਗਿਆ ਅਤੇ ਬਾਕੀ ਬਲਾਕਾਂ ਦੇ ਪ੍ਰਧਾਨ ਭੀ ਜਲਦੀ ਨਿਯੁਕਤਿ ਕੀਤੇ ਜਾਣਗੇ ਇਸ ਮੌਕੇ ਸੂਬੇਦਾਰ ਸੌਦਾਗਰ ਸਿੰਘ ਕੈਪਟਨ ਵਿਕਰਮ ਸਿੰਘ ਵਾਰੰਟ ਅਫ਼ਸਰ ਸਮਸ਼ੇਰ ਸਿੰਘ ਸੇਖੋਂ ਵਾਰੰਟ ਅਫ਼ਸਰ ਬਲਵਿੰਦਰ ਸਿੰਘ ਢੀਂਡਸਾ ਵਾਰੰਟ ਅਫ਼ਸਰ ਅਵਤਾਰ ਸਿੰਘ ਸਿੱਧੂ ਵਾਰੰਟ ਅਫ਼ਸਰ ਜਗਦੀਪ ਸਿੰਘ ਉੱਗੋਕੇ ਸੂਬੇਦਾਰਧੰਨਾ ਸਿੰਘ ਸੂਬੇਦਾਰ ਇੰਦਰਜੀਤ ਸਿੰਘ ਸੂਬੇਦਾਰ ਗੁਰਜੰਟ ਸਿੰਘ ਨਾਈਵਾਲ ਹੌਲਦਾਰ ਰੂਪ ਸਿੰਘ ਹੌਲਦਾਰ ਜਰਨੈਲ ਸਿੰਘ ਠੁਲੀਵਾਲ ਹੌਲਦਾਰ ਗੁਰਤੇਜ ਸਿੰਘ ਹੌਲਦਾਰ ਜੰਗੀਰ ਸਿੰਘ ਸੂਬੇਦਾਰ ਕਮਲਜੀਤ ਸ਼ਰਮਾ ਨੇ ਮੀਟਿੰਗ ਦੀ ਕਾਰਵਾਈ ਨਿਭਾਈ।

ਆਵਾਜ਼ਿ ਕੌਮ AWAZE QAUM International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

## ਖਾਲਸਾ



ਨਿਆਰਾ ਖਾਲਸਾ ਸਜਾਇਆ ਗੋਬਿੰਦ ਸਿੰਘ ਨੇ,
ਗਿਧੜਾਂ ਤੋਂ ਸ਼ੇਰ ਬਣਾਇਆ ਗੋਬਿੰਦ ਸਿੰਘ ਨੇ।

ਚਿੜੀਆਂ ਤੋਂ ਬਾਜ਼ ਤੁੜਾਉਣੇ ਕੋਈ ਖੇਡ ਨਹੀਂ,
ਇਹ ਹੌਸਲਾ ਸਾਨੂੰ ਸਿਖਾਇਆ ਗੋਬਿੰਦ ਸਿੰਘ ਨੇ।

ਜ਼ੁਲਮ ਦੀ ਹਿੱਕ ਤੇ ਦੀਵਾ ਬਾਲਣ ਦੇ ਲਈ,
ਆਪਣਾ ਹੀ ਵੰਸ਼ ਲੁਟਾਇਆ ਗੋਬਿੰਦ ਸਿੰਘ ਨੇ।

ਨਾ ਕੋਈ ਉਚ ਹੈ ਤੇ ਨਾ ਕੋਈ ਨੀਚ ਇਥੇ,
ਸਭ ਨੂੰ ਇੱਕ ਗਲ਼ ਨਾਲ ਲਾਇਆ ਗੋਬਿੰਦ ਸਿੰਘ ਨੇ।

ਖੰਡੇ ਦੀ ਧਾਰ 'ਚੋਂ ਅੰਮ੍ਰਿਤ ਦੀ ਬੂੰਦ ਪਿਲਾ,
ਮੁਰਦਾ ਰੂਹਾਂ ਨੂੰ ਜਗਾਇਆ ਗੋਬਿੰਦ ਸਿੰਘ ਨੇ।

ਭਗਤੀ ਤੇ ਸ਼ਕਤੀ ਦਾ ਅਜਬ ਮੇਲ ਕਰਕੇ,
ਸੰਤ-ਸਿਪਾਹੀ ਬਣਾਇਆ ਗੋਬਿੰਦ ਸਿੰਘ ਨੇ।

'ਜਦ ਵੀ ਜੱਗ ਤੇ ਹਨੇਰਾ ਵਧਿਆ,
ਸੱਚ ਦਾ ਸੂਰਜ ਚੜ੍ਹਾਇਆ ਗੋਬਿੰਦ ਸਿੰਘ ਨੇ

ਮਜ਼ਲੂਮਾਂ ਦੇ ਸਿਰਾਂ 'ਤੇ ਰੱਖ ਕੇ ਹੱਥ ਆਪਣਾ,
ਸੂਰਮਿਆਂ ਦਾ ਤਾਜ ਸਜਾਇਆ ਗੋਬਿੰਦ ਸਿੰਘ ਨੇ।

ਨੀਂਹਾਂ 'ਚ ਲਾਲ ਚਿਣ ਕੇ, ਦੇ ਕੇ ਸੀਸ ਪਿਤਾ ਦਾ,
ਧਰਮ ਦਾ ਬੂਟਾ ਲਾਇਆ ਗੋਬਿੰਦ ਸਿੰਘ ਨੇ।

ਜਬਰ ਤੇ ਜ਼ੁਲਮ ਦੀਆਂ ਜੜ੍ਹਾਂ ਹਿਲਾਉਣ ਦੇ ਲਈ,
ਹੱਥੀਂ ਫੜ ਕੇ ਖੰਡਾ ਲਿਸ਼ਕਾਇਆ ਗੋਬਿੰਦ ਸਿੰਘ ਨੇ।

ਭੈਅ ਮੁਕਤ ਕਰ ਦਿੱਤਾ ਹਰ ਇੱਕ ਗੁਲਾਮ ਨੂੰ,
ਅਣਖ ਨਾਲ ਜੀਣਾ ਸਿਖਾਇਆ ਗੋਬਿੰਦ ਸਿੰਘ ਨੇ।

ਮਾਨਸ ਦੀ ਜਾਤ ਸਭੈ ਏਕੈ ਪਹਿਚਾਣਬੋ ਦਾ,
ਸੱਚਾ ਹੋਕਾ ਜੱਗ 'ਚ ਲਾਇਆ ਗੋਬਿੰਦ ਸਿੰਘ ਨੇ।

'ਪ੍ਰਗਟ' ਹੋਇਆ ਜਦੋਂ ਨੀਲੇ ਦਾ ਸ਼ਾਹ ਅਸਵਾਰ,
ਕੁੱਲ ਆਲਮ ਦਾ ਭਾਗ ਜਗਾਇਆ ਗੋਬਿੰਦ ਸਿੰਘ ਨੇ।

-ਪ੍ਰਗਟ ਸਿੰਘ ਗਿੱਲ
ਬਾਗੀ
0061435406713

---

# ਕਾਂਗਰਸ ਪਾਰਟੀ ਹਮੇਸ਼ਾਂ ਆਪਣੇਂ ਮਿਹਨਤੀ ਵਰਕਰਾਂ ਨਾਲ ਮੋਢੇ ਨਾਲ ਮੋਢਾ ਜੋੜਕੇ ਖੜੀ ਡੈਨੀ ਬੰਡਾਲਾ

## ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਵੱਲੋਂ ਭੁਪਿੰਦਰ ਸਿੰਘ ਹੈਪੀ ਅੰਮ੍ਰਿਤਸਰ ਦਿਹਾਤੀ ਕਾਂਗਰਸ ਦਾ ਜਨਰਲ ਸਕੱਤਰ ਨਿਯੁਕਤ



ਜੰਡਿਆਲਾ ਗੁਰੂ 12 ਅਪ੍ਰੈਲ ( ਕੁਲਵੰਤ ਸਿੰਘ ਵਿਰਦੀ ) :- ਜੰਡਿਆਲਾ ਗੁਰੂ ਤੋਂ ਸਾਬਕਾ ਕੌਂਸਲਰ ਅਤੇ ਸਾਬਕਾ ਸ਼ਹਿਰੀ ਕਾਂਗਰਸ ਪ੍ਰਧਾਨ ਭੁਪਿੰਦਰ ਸਿੰਘ ਹੈਪੀ ਨੂੰ ਪੰਜਾਬ ਪ੍ਰਦੇਸ਼ ਕਾਂਗਰਸ ਪਾਰਟੀ ਦੇ ਹੁਕਮਾਂ ਅਨੁਸਾਰ ਕੀਤੀਆਂ ਨਿਯੁਕਤੀਆਂ ਦੇ ਅਧਾਰ ਤੇ ਅੰਮ੍ਰਿਤਸਰ ਦਿਹਾਤੀ ਕਾਂਗਰਸ ਦਾ ਜਨਰਲ ਸਕੱਤਰ ਨਿਯੁਕਤ ਕੀਤਾ ਗਿਆ । ਸੁਖਵਿੰਦਰ ਸਿੰਘ ਡੈਨੀ ਬੰਡਾਲਾ ਪ੍ਰਧਾਨ ਅੰਮ੍ਰਿਤਸਰ ਦਿਹਾਤੀ ਕਾਂਗਰਸ ਨੇ ਇਸ ਗੱਲ ਦੀ ਪੁਸ਼ਟੀ ਕਰਦੇ ਹੋਏ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾਂ ਆਪਣੇਂ ਮਿਹਨਤੀ ਵਰਕਰਾਂ ਨਾਲ ਮੋਢੇ ਨਾਲ ਮੋਢਾ ਜੋੜਕੇ ਖੜੀ ਹੈ ਅਤੇ ਹਰ ਇੱਕ ਨੂੰ ਪਾਰਟੀ ਵਿਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ । ਇਸ ਮੌਕੇ ਭੁਪਿੰਦਰ ਸਿੰਘ ਹੈਪੀ ਸਾਬਕਾ ਕੌਂਸਲਰ ਨੇ ਪਾਰਟੀ ਹਾਈਕਮਾਂਡ ਅਤੇ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਾਰਟੀ ਨੇ ਜੋ ਓਹਨਾਂ ਨੂੰ ਜਿਲ੍ਹਾ ਪੱਧਰੀ ਜਿੰਮੇਵਾਰੀ ਸੌਂਪੀ ਹੈ ਮੈਂ ਉਸਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ ਅਤੇ ਪਾਰਟੀ ਨੂੰ ਮਜ਼ਬੂਤ ਕਰਨ ਲਈ ਹੋਰ ਮਿਹਨਤ ਕੀਤੀ ਜਾਵੇਗੀ । ਓਹਨਾਂ ਕਿਹਾ ਕਿ ਆਉਣ ਵਾਲੀਆਂ ਨਗਰ ਕੌਂਸਲ ਅਤੇ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਭਾਰੀ ਬਹੁਮਤ ਨਾਲ ਚੋਣਾਂ ਵਿਚ ਜਿੱਤ ਹਾਸਲ ਕਰੇਗੀ ।

## ਵਧੇਗੰਢ ਮੁਬਾਰਕ



ਹਰਜੀਤ ਸਿੰਘ ਢਿੱਲੋਂ, ਸਰਬਜੀਤ ਕੌਰ
ਜੰਡਿਆਲਾ ਗੁਰੂ
ਪੱਤਰਕਾਰ ਕੁਲਵੰਤ ਸਿੰਘ ਵਿਰਦੀ